# ਆਲੋਚਨਾ

ਨਵੰਬਰ ੧੯੬੦

ਮੁਲ : ੫੦ ਨਵੇਂ ਪੈਸੇ

ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ

Approved for use in the Schools and Colleges of the Panjab vide D. P. I's letter No. 3397—B—6/48—55—25796 dated July 1955.

# ਆਲੋਚਨਾ

ਸੰਪਾਦਕ ਮੰਡਲ :

ਭਾਈ ਸਾਹਿਬ ਭਾਈ ਜਧ ਸਿੰਘ,
ਪ੍ਰੋ. ਸੰਤ ਸਿੰਘ ਸੇਖੋਂ
ਪ੍ਰੋ. ਗੁਲਵੰਤ ਸਿੰਘ

ਜਿਲਦ ੬ ] ਨਵੰਬਰ ੧੯੬੦ [ ਕੁਲ ਅੰਕ ਨੰ: ੪੨
ਅੰਕ ੧੧ ]

## ਲੇਖ-ਸੂਚੀ

ਨ: ਪੰਨਾ

| | | | |
|---|---|---|---|
| ੧. | ਹੋਰ ਦਮੋਦਰ ਵਿਚ ਸੰਮਤ ਤੇ ਸਿੱਕ | ਗੁਰਇੰਦਰ ਸਿੰਘ 'ਪ੍ਰੀਤ' | ੧ |
| ੨. | ਸਾਹਿਤ ਤੇ ਜੀਵਨ | ਐਮ. ਐਮ. ਸਿੰਘ | ੧੬ |
| ੩. | ਇਕ ਲੋਕ-ਕਵੀ ਸਹਿਰਾਈ | ਕੁਲਬੀਰ ਸਿੰਘ ਕਾਂਗ | ੨੧ |
| ੪. | ਨਾਟਕਕਾਰ ਅਮਰੀਕ ਸਿੰਘ ਦਾ ਸਥਾਨ | ਜੁਗਿੰਦਰ ਰਾਹੀ ਐਮ. ਏ. | ੩੧ |
| ੫. | ਤਖ਼ਤ ਸਿੰਘ ਦੀ ਕਾਵਿ-ਸ਼ੈਲੀ | ਗੁਰਦੇਵ ਸਿੰਘ | ੪੦ |

ਗੁਰਇੰਦਰ ਸਿੰਘ 'ਪ੍ਰੀਤ'—

## ਹੀਰ-ਦਮੋਦਰ ਵਿਚ

# ਸੰਮਤ ਤੇ ਸਿੱਕ

### ਅਕਬਰ ਦਾ ਭੁਲੇਖਾ

ਹੀਰ-ਦਮੋਦਰ ਵਿਚ ਕਈ ਥਾਂ ਅਕਬਰ ਦਾ ਜ਼ਿਕਰ ਆਉਂਦਾ ਹੈ ਤੇ ਅਕਬਰ ਵੇਰਵਿਆਂ ਦੇ ਗਹੁ ਨਾਲ ਕੀਤੇ ਪਾਠ ਤੋਂ ਕੋਈ ਭੁਲੇਖਾ ਰਹਿ ਨਹੀਂ ਜਾਂਦਾ ਕ ਹੀਰ-ਰਾਂਝੇ ਦੀ ਪ੍ਰੀਤ-ਕਹਾਣੀ ਅਕਬਰ ਦੇ ਸਮੇਂ ਨਾ ਵਾਪਰੀ ਹੋਵੇ। ਦਮੋਦਰ ਲਖਦਾ ਹੈ:

ਕਿਤਨੂੰ ਆਖਾਂ ਤੁਸਾਂ ਸੁਣਾਈਂ,
ਕਿਛ ਅਕਬਰ ਮੈਥੇ ਧਾਇਆ। ੧੦੪।

ਜਾਂ

ਨਾਲ ਸੁ ਅਕਬਰ ਦਾਵਾ ਜੈਂਦਾ,
ਢੁਕਣ ਸੱਤੇ ਪਾਈਂ। ੩੦੦।

ਕਿੱਸੇ ਦੇ ਅੰਤ ਵਿਚ ਦਮੋਦਰ ਨੇ ਹੀਰ-ਰਾਂਝੇ ਦੇ ਮਿਲਣ ਦਾ ਸੰਮਤ ੧੫੨੯ ਤ: ਦਿੱਤਾ ਹੈ:

ਪੰਦਰਾਂ ਸੈ ਅਤੇ ਉਨਤ੍ਰੀ,
ਸੰਮਤ ਬਿਕਰਮ ਰਾਏ।
ਹੀਰ ਤੇ ਰਾਂਝਾ ਹੋਏ ਅਕੱਠੇ,
ਝੇੜੇ ਰੱਬ ਚੁਕਾਏ। ੯੫੮।

ਦਮੋਦਰ ਕਿੱਸੇ ਵਿਚ ਸੰਮਤ ਨਾ ਦੇਂਦਾ ਤਦ ਇਸ ਗੱਲ ਦਾ ਐਡਾ ਸ਼ੰਕਾ ਨਾ ਤਪਨ ਹੁੰਦਾ ਕਿ ਹੀਰ-ਰਾਂਝਾ ਅਕਬਰ ਸ਼ਹਿਨਸ਼ਾਹ ਦੇ ਸਮਕਾਲੀ ਸਨ ਜਾਂ ਨਹੀਂ, ਤਨਾ ਕਿ ਹੁਣ ਪੈ ਗਇਆ ਹੈ। ਪਰ ਹੁਣ ਤਾਂ ਕਿੱਸੇ ਵਿਚ ਦਿਤੇ ਗਏ ਸੰਮਤ ਦੇ ਧਾਰ ਤੇ ਹੀ ਅਸੀਂ ਸ਼ਹਿਨਸ਼ਾਹ ਅਕਬਰ ਦਾ ਕਿੱਸੇ ਨਾਲ ਕੋਈ ਸੰਬੰਧ ਨਹੀਂ ੜਦੇ ਕਿਉਂਕਿ ਉਹ ਸਮਾਂ ਲੋਧੀ ਖਾਨਦਾਨ ਦਾ ਸੀ, ਜਦ ਹੀਰ-ਰਾਂਝੇ ਦੇ ਇਸ਼ਕ

ਦਾ ਨਾਟਕ ਹੋਇਆ। ਅਰਥਾਤ ਸ਼ਹਿਨਸ਼ਾਹ ਅਕਬਰ ਦੇ ਰਾਜ-ਕਾਲ (੧੬੧੩-੧੬੬੨ ਬਿ:) ਦੇ ਦਬਦਬਾ ਦੇ ਸਮੇਂ ਤੋਂ ਕੋਈ ਸੌ ਵਰ੍ਹੇ ਪਹਿਲਾਂ ਹੀਰ-ਰਾਂਝੇ ਦਾ ਮਿਲਾਪ ਹੋਇਆ। ਹੁਣ ਵਿਚਾਰ-ਗੋਚਰੇ ਇਹੀ ਗੱਲ ਰਹਿ ਜਾਂਦੀ ਹੈ ਕਿ ਜਿਹੜੇ ਅਕਬਰ ਦਾ ਜ਼ਿਕਰ ਦਮੋਦਰ ਨੇ ਕੀਤਾ ਹੈ, ਉਹ ਕੋਈ ਹੋਰ ਹੀ ਅਕਬਰ ਸੀ ?

ਅਕਬਰ ਤੇ [illegible] ਬਾਰੇ ਚਰਚਾ ਕਰਨ ਤੋਂ ਪਹਿਲਾਂ ਉਚਿਤ ਬਣਦਾ ਹੈ ਕਿ ਇਕ ਝਾਤ ਹੀਰ-ਦਮੋਦਰ ਤੇ ਪਾਈ ਜਾਏ, ਤਾਂ [illegible] ਜਾਣਕਾਰੀ ਪ੍ਰਾਪਤ ਹੋ ਜਾਵੇ ਕਿ ਕਿੱਸੇ ਵਿਚ ਅਕਬਰ ਦਾ ਨਾਉਂ ਕਿਸ ਕਿਸ ਥਾਂ ਆਇਆ ਹੈ :—

ਸਭ ਤੋਂ ਪਹਿਲਾਂ ਦਮੋਦਰ ਵਲੋਂ ਦਿਤੀ ਗਈ ਭੂਮਿਕਾ ਵਿਚ ਅਕਬਰ ਦਾ ਨਾਂ ਉਹਦੀ ਵਡਿਆਈ ਵਜੋਂ ਆਇਆ ਹੈ :

(੧) ਪਾਤਸ਼ਾਹੀ ਜੋ ਅਕਬਰ ਸੰਦੀ,
ਹੀਲ ਨਾ ਹੁੱਜਤ ਕਾਈ ।੩।

ਭੂਮਿਕਾ ਵਿਚ ਅਕਬਰ ਦੀ ਵਡਿਆਈ ਤੇ ਹੋਰ ਥੋੜੀ ਜਿਹੀ ਜਾਣਕਾਰੀ ਦੇ ਨਾਲ ਹੀ ਕਿੱਸੇ ਦੇ ਅਰੰਭ ਵਿਚ ਚੂਚਕ ਨੂੰ ਅਕਬਰ ਦੇ ਬਰਾਬਰ ਇਉਂ ਦਸਿਆ ਗਇਆ ਹੈ ਜਿਵੇਂ ਦੋਹਾਂ ਦਾ ਆਪਸ ਵਿਚ ਪ੍ਰਸਪਰ ਮਿਲਾਪ ਹੁੰਦਾ ਰਹਿਆ ਹੋਵੇ :

(੨) ਅਕਬਰ ਨਾਲ ਕਰੇਂਦਾ ਦਾਵੇ,
ਭੁਈਂ ਨਈਂ ਦਾ ਸਾਈਂ ।੨।

ਕਿੱਸੇ ਨੂੰ ਅਰੰਭ ਕਰਦਿਆਂ ਹੀ ਦਮੋਦਰ ਸਿੱਧਾ ਆਪਣੇ ਨਿਸ਼ਾਨੇ ਵਲ ਤੁਰ ਪੈਂਦਾ ਹੈ। ਹੀਰ ਦੇ ਸੁਹੱਪਣ ਵਲ ਝਾਤ ਪੁਆ ਕੇ ਘਰਦਿਆਂ ਨੂੰ ਉਹਦੀ ਮੰਗਣੀ ਦੀ ਚਿੰਤਾ ਵਿਚ ਦਸਦਾ ਹੈ :

(੩) ਹਿਕੇ ਤਾਂ ਦੀਜੇ ਤੋੜ ਪਠਾਣਾਂ,
ਸਿੰਧੋਂ ਪਾਰ ਚੜ੍ਹੀਹਾਂ।
ਹਿਕੇ ਦਿਵੀਂਹਾਂ ਅਕਬਰ ਗ਼ਾਜ਼ੀ,
ਕੱਛਾਂ ਆਪ ਕਛੀਹਾਂ । [illegible]।

ਖੇੜਿਆਂ ਵਲੋਂ ਆਈ ਹੀਰ ਦੀ ਮੰਗ ਪ੍ਰਵਾਨ ਕਰ ਲਈ ਜਾਂਦੀ ਹੈ। ਝੰਗ-ਸਿਆਲ ਤੇ ਖੇੜਿਆਂ ਦੇ ਘਰ ਖੁਸ਼ੀ ਮਨਾਈ ਜਾਂਦੀ ਹੈ। ਦੂਜੇ ਪਾਸੇ ਹੀਰ ਆਪਣੀ ਜਵਾਨੀ ਦੇ ਨਸ਼ੇ ਵਿਚ ਜੰਗਲ ਬੇਲੇ ਤੇ ਝਨਾਂ ਵਿਚ ੩੬੦ ਸਹੇਲੀਆਂ ਦੀ ਫੌਜ ਨਾਲ ਘੁੰਮਦੀ ਫਿਰਦੀ ਹੈ। ਫਿਰਦੇ ਤੁਰਦੇ ਇਕ ਦਿਨ ਸੁਹਣੀ ਜਿਹੀ ਬੇੜੀ ਵਿਚ ਬੈਠੇ ਲੁੱਡਣ ਦੀ ਕੂਕ-ਫ਼ਰਿਆਦ ਸੁਣ ਲਈ। ਉਹ ਪਨਾਹ ਲਈ ਮੰਗ ਕਰ ਰਹਿਆ ਸੀ। ਹੀਰ ਨੇ ਉਹਨੂੰ ਬੇੜੀ ਸਣੇ ਰਖ ਲਇਆ। ਲੁੱਡਣ ਨੂੰ ਡਰ ਅਨੁਭਵ ਹੋਇਆ ਕਿ ਇਸ ਨੀਂਗਰ ਨੇ

ਉਹਨੂੰ ਕੀ ਰਖਣਾ ਸੀ। ਲੁਡਣ ਹੀਰ ਨੂੰ ਮਾਮਾ, ਚਾਚਾ, ਪਿਉ, ਭਰਾ ਆਦਿ ਬੁਲਾਉਣ ਲਈ ਕਹਿੰਦਾ ਹੈ ਤਾਂ ਹੀਰ ਆਪਣੀ ਜਵਾਨੀ 'ਚ ਮਤੀ ਭਉਹਾਂ ਚਾੜ੍ਹ ਕੇ ਕਹਿੰਦੀ ਹੈ :

(੪) ਮਾਰੀਂ ਥਾਉਂ ਨਾ ਟੱਲਾ ਕਿਸ ਤੇ,
ਜੇ ਕੋਈ ਸੁਣੇਸਾਂ ਆਇਆ।
ਤਾਂ ਸੱਦੀਂ ਥਾਪ ਚਾਚੇ ਦੇ ਤਾਈਂ,
ਜੇ ਹੋਵੀ ਅਕਬਰ ਦਾ ਛਪਾਇਆ। ੫੭।

ਜਦ ਨੂਰ ਖਾਨ ਚੰਧੜ ਨੂੰ ਆਪਣੀ ਬੇੜੀ ਤੇ ਲੁੱਡਣ ਬਾਰੇ ਪਤਾ ਲਗਦਾ ਹੈ ਤਾਂ ੩੬੦ ਜਵਾਨਾਂ ਦੀ ਘੋੜ-ਸਵਾਰ ਫੌਜ ਨਾਲ ਸਿਆਲਾਂ ਤੇ ਆ ਚੜ੍ਹਾਈ ਕਰਦਾ ਹੈ। ਇਹ ਕੁਝ ਵੇਖ ਲੁੱਡਣ ਦੇ ਮੂੰਹ ਉਤੇ ਹਵਾਈਆਂ ਉਡਣ ਲਗ ਪੈਂਦੀਆਂ ਹਨ ਕਿ ਇਹ ਫ਼ੌਜ ਮੈਨੂੰ ਤੇ ਹੀਰ ਨੂੰ ਮਾਰ ਮੁਕਾਏਗੀ ਅਤੇ ਉਹ ਛੁਪ ਜਾਂਦਾ ਹੈ। ਪਰ 'ਛੌਨੇ ਹਾਥੀ' ਦੀ ਚਾਲ ਚਲਣ ਵਾਲੀ ੩੬੦ ਸਹੇਲੀਆਂ ਦੀ ਸਰਦਾਰਨੀ ਹੀਰ ਪਿਛੇ ਹਟਣ ਵਾਲੀ ਥੋੜੀ ਹੀ ਸੀ। ਉਹਨੇ ਡਟ ਕੇ ਮੁਕਾਬਲਾ ਕੀਤਾ ਤੇ ਸੰਬਲਾਂ ਦੀ ਫੌਜ ਆਪਣੇ ਸਿਪਾਹ ਸਾਲਾਰ (ਨੂਰ ਖਾਨ) ਨੂੰ 'ਧੋਬੀ ਦੇ ਸੁਕਣ ਪਾਏ ਕਪੜੇ' ਦੀ ਹਾਲਤ ਵਿਚ ਵਾਪਸ ਲੈ ਗਈ। ਹੀਰ ਦੇ ਭਰਾ ਖਾਨ, ਪਠਾਣ, ਸੁਲਤਾਨ ਤੇ ਬਹਾਦਰ ਨੇ ਜਦ ਸੁਣਿਆ ਤਾਂ ਹੀਰ ਤੋਂ ਪੁਛਣ ਲਗੇ ਕਿ ਉਨ੍ਹਾਂ ਸੁਣਿਆ ਹੈ ਕਿ ਸੰਬਲ ਆਏ ਸਨ ਤੇ ਦਸ ਉਹ ਗਏ ਕਿਧਰ ਨੂੰ ਹਨ ? ਤਾਂ ਹੀਰ ਹਿੱਕਾਂ ਉਭਾਰਦੀ ਤੇ ਨਾਸਾਂ ਫੁਲਾਉਂਦੀ ਹੋਈ ਭਰਾਵਾਂ ਦਾ ਇਉਂ ਮਾਣ ਕਰਦੀ ਹੈ :

(੫) ਕਿਤ ਨੂੰ ਆਖਾਂ ਤੁਸਾਂ ਸੁਣਾਈਂ,
ਕਿਛ ਅਕਬਰ ਮੈਥੇ ਧਾਇਆ। ੧੦੪।

ਕਵੀ ਇਥ ਹੀਰ ਦੀ ਬਹਾਦਰੀ ਦਸ ਕੇ ਜ਼ਰਾ ਅਟਕਾ ਪਾਉਂਦਾ ਹੈ ਤੇ ਇਸ ਨਾਟਕ ਦੇ ਮੁਖ-ਪਾਤਰ ਰਾਂਝੇ ਨਾਲ ਜਾਣਕਾਰੀ ਕਰਾਉਂਦਾ ਹੈ। ਮਉਜ਼ਮ ਦੇ ਘਰ ਤਾਹਿਰ, ਜ਼ਾਹਿਰ ਤੇ ਜੀਵਣ ਮਗਰੋਂ ਧੀਦੋ ਜਨਮਿਆ। ਉਹ ਹਾਲੀ ਛੁਟੇਰਾ ਹੀ ਹੁੰਦਾ ਹੈ ਕਿ ਮਉਜ਼ਮ ਨੂੰ ਉਹਦੇ ਵਿਆਹ ਦੀ ਚਿੰਤਾ ਹੋ ਜਾਂਦੀ ਹੈ। ਕਿਉਂਕਿ ਉਹਦੇ ਵੱਡੇ ਤਿੰਨੋਂ ਭਰਾ ਉਹਨੂੰ ਮਾਰ ਮੁਕਾਉਣਾ ਚਾਹੁੰਦੇ ਹਨ। ਵਿਆਹ ਦੀਆਂ ਤਿਆਰੀਆਂ ਵਿਚ ਹੀ ਮਉਜ਼ਮ ਰਬ ਨੂੰ ਪਿਆਰਾ ਹੋ ਜਾਂਦਾ ਹੈ। ਮਾਂ ਪਹਿਲਾਂ ਹੀ ਸੁਰਗਬਾਸ ਹੋ ਚੁੱਕੀ ਸੀ, ਜਿਸ ਕਾਰਨ ਧੀਦੋ ਦਾ ਤਖਤ-ਹਜ਼ਾਰੇ ਰਹਿਣਾ ਮੁਸ਼ਕਲ ਹੋ ਗਇਆ। ਧੀਦੋ ਧੁਰੋਂ ਦਰਗਾਹੋਂ ਲਿਖੇ ਅਨੁਸਾਰ ਘਰੋਂ ਨਿਕਲ ਤੁਰਦਾ ਹੈ। ਰਸਤੇ ਵਿਚ ਕਈ ਔਕੜਾਂ ਆਉਂਦੀਆਂ ਹਨ ਪਰ ਰਾਂਝਾ ਸਾਰੀਆਂ ਕਠਨਾਈਆਂ ਨੂੰ ਪਾਰ ਕਰੀ ਜਾਂਦਾ ਹੈ ਤੇ ਜਾ ਪੰਜ ਪੀਰਾਂ ਨਾਲ ਮੇਲ ਹੁੰਦਾ ਹੈ। ਪੀਰ ਉਹਦੀ ਵੰਝਲੀ ਸੁਣ ਕੇ ਅਤਿਅੰਤ ਪ੍ਰਸੰਨ ਹੁੰਦੇ ਹਨ ਤੇ ਇਸੀ ਖੁਸ਼ੀ ਵਿਚ ਉਹਨੂੰ ਹੀਰ ਬਖਸ਼ਦੇ ਹਨ। ਪੰਜ ਪੀਰ ਹੀਰ ਦੇ ਦਿਲ

ਵਿਚ ਵੀ ਰਾਂਝੇ ਲਈ ਸ਼ਰਧਾਂ ਭਰ ਆਉਂਦੇ ਹਨ। ਪੀਰਾਂ ਤੋਂ ਵਿਦਾ ਹੋਣ ਮਗਰੋਂ ਅਗੋ ਧੀਦੋ ਨੂੰ ਲੁੱਡਣ ਮਿਲਦਾ ਹੈ ਤੇ ਲੁੱਡਣ ਰਜਵਾਂ ਪਿਆਰ ਦੇਂਦਾ ਹੈ। ਜਦ ਰਾਂਝਾ ਲੁੱਡਣ ਦੀਆਂ ਬਖਸ਼ਸ਼ਾਂ ਨੂੰ ਅਪ੍ਰਵਾਨ ਕਰਦਾ ਹੋਇਆ ਕੇਵਲ ਬੇੜੀ 'ਚ ਸੌਣ ਦੀ ਇੱਛਾ ਪ੍ਰਗਟ ਕਰਦਾ ਹੈ ਤਾਂ ਲੁੱਡਣ ਹੀਰ ਤੋਂ ਡਰਦੇ ਮਾਰੇ ਕਹਿੰਦਾ ਹੈ :—

(੬) ਅਕਬਰ ਕੋਲੋਂ ਡਰੇ ਨਾ ਮੂਲੋਂ,
ਹੋਂਦੇ ਮੁਗ਼ਲ ਨਿਤਾਣੇ। ੧੯੬।

ਆਖ਼ਰ ਰਾਂਝਾ ਬੇੜੀ 'ਚ ਸੌਂ ਜਾਂਦਾ ਹੈ। ਹੀਰ ਪੀਂਘਾਂ ਝੂਟ ਰਹੀ ਹੁੰਦੀ ਹੈ ਤੇ ਹੂਟਾ ਲੈਂਦਿਆਂ ਹੀ ਬੇੜੀ 'ਚ ਕਿਸੇ ਨੂੰ ਸੁੱਤਾ ਵੇਖ ਲੈਂਦੀ ਹੈ। ਗੁੱਸੇ ਵਿਚ ਝਨਾ 'ਚ ਛਲਾਂਗ ਮਾਰ ਦੇਂਦੀ ਹੈ ਤੇ ਬੇੜੀ ਕੋਲ ਆ ਕੜਕਦੀ ਹੈ। ਧੀਦੋ ਦਾ ਮੁਖ ਵੇਖ ਕੇ ਹੀਰ ਦਾ ਮਨ ਸ਼ਾਂਤ ਹੋ ਜਾਂਦਾ ਹੈ। ਏਦਾਂ ਪੰਜ ਪੀਰਾਂ ਦੀ ਮਿਹਰ ਨਾਲ ਦੋਹਾਂ ਦੇ ਦਿਲਾਂ ਦੀਆਂ ਧੜਕਨਾਂ ਇਕ ਮਿਕ ਹੋ ਜਾਂਦੀਆਂ ਹਨ (ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ) ਹੀਰ ਲੁਕ ਛਿਪ ਕੇ ਰਾਂਝੇ ਨੂੰ ਚੂਰੀ ਖੁਆਉਂਦੀ, ਜਲੂਰ ਉਤੇ ਉਹਦੇ ਨਾਲ ਹੀ ਸੌਂਦੀ ਤੇ ਬੇਲੇ ਵਿਚ ਰੰਗ-ਰਲੀਆਂ ਮਨਾਉਂਦੀ। ਅਟੱਲ ਸਚਾਈ ਹੈ ਕਿ ਇਸ਼ਕ ਤੇ ਮੁਸ਼ਕ ਕਦੇ ਵੀ ਨਹੀਂ ਲੁਕ ਸਕੇ—ਹੀਰ ਦੀਆਂ ਮਿਲਣੀਆਂ ਦਾ ਆਂਢ-ਗੁਆਂਢ ਤੇ ਸ਼ਰੀਕਣੀਆਂ ਨੂੰ ਪਤਾ ਲਗ ਜਾਂਦਾ ਹੈ। ਸ਼ਰੀਕਣੀਆਂ ਕੂੰਦੀ (ਹੀਰ ਦੀ ਮਾਂ) ਕੋਲ ਆਉਂਦੀਆਂ ਹਨ ਤੇ ਖਾਨਦਾਨ ਉੱਤੇ ਦਾਗ਼ ਲਗਣ ਦਾ ਇਸ਼ਾਰਾਂ ਕਰਦੀਆ ਹਨ ਤਾਂ ਕੂੰਦੀ ਪੁਛਦੀ ਹੈ :

(੭) ਆਖ ਬੀਬੀ ਸਚ ਹਕੀਕਤ,
ਅਕਬਰ ਸ਼ਾਹ ਭਛਾਇਆ। ੨੮੯।

ਸ਼ਰੀਕਣੀਆਂ ਕੂੰਦੀ ਨੂੰ ਹੀਰ ਦੇ ਇਸ਼ਕ ਤੋਂ ਅਨਜਾਣ ਵੇਖ ਕੇ ਹੀਰ ਦੀਆਂ ਕਰਤੂਤਾਂ ਤੋਂ ਜਾਣੂ ਕਰਾਉਂਦੀਆਂ ਹਨ :

(੮) ਅਕਬਰ ਗ਼ਾਜ਼ੀ ਰੰਜ ਨਾ ਥੀਆ,
ਨਾ ਕਹੀਂ ਜਾਇ ਭਛਾਇਆ।

— — —

ਸੁਣ ਬੇਬੇ ਜੋ ਪੇਟੋਂ ਜਾਈ,
ਤਿਸ ਅਲਾਂਬਾ ਲਾਇਆ। ੨੯੦।

ਕੂੰਦੀ ਹੀਰ ਦਾ ਇਸ਼ਕ ਚਾਕ ਨਾਲ ਸੁਣ ਬੜੀ ਲਾਲ ਪੀਲੀ ਹੁੰਦੀ ਹੈ। ਹੀਰ ਨੂੰ ਤਾੜਨਾ ਕਰਦੀ ਹੋਈ ਖਾਨਦਾਨ ਵਲ ਝਾਤ ਪੁਆਉਂਦੀ ਹੈ :—

(੯) ਕੈਂਦੀ ਬੇਟੀ ਤੂੰ ਨੂੰਹ ਕੈਂਦੀ,
ਭੁਈਂ ਨਈਂ ਦੇ ਸਾਈਂ।

ਨਾਲ ਸੁ ਅਕਬਰ ਦਾਵਾ ਜੈਂਦਾ,
ਢੁਕਨ ਸੱਤੇ ਪਾਈਂ । ੩੦੦ ।

ਪਰ ਹੀਰ ਨੇ ਵੀ ਨੌਂ-ਝੰਨਾ ਦੇ ਇਸ਼ਕ-ਮਤੇ ਪਾਣੀ ਉੱਤੇ ਪ੍ਰੇਮ ਲਾਇਆ ਸੀ । ਪੰਜ ਪੀਰਾਂ ਨੇ ਐਡੀਆਂ ਕੱਚੀਆਂ ਗੰਢਾਂ ਨਹੀਂ ਸਨ ਪਾਈਆਂ ਕਿ ਹੀਰ ਮਾਂ ਨੂੰ ਪਕੜਾਈ ਦੇ ਦੇਂਦੀ । ਮਾਂ ਅਗੇ ਭੋਲੀ ਜਿਹੀ ਸੂਰਤ ਬਣਾ ਕੇ ਕਹਿੰਦੀ ਹੈ ਕਿ ਉਹ ਕੀ ਜਾਣੇ ਅਸ਼ਨਾਈ ਕਿਸ ਵਸਤੂ ਦਾ ਨਾਂ ਹੈ । (ਮੈਂ ਕੇ ਜਾਣਾ ਕੰਜ ਕੁਆਰੀ, ਹੋਂਦੀ ਕੈ ਅਸ਼ਨਾਈ) ਸਿਧੀ ਸਾਧੀ ਕੁੰਦੀ ਨਹੀਂ ਸੀ ਜਾਣਦੀ ਕਿ ਹੀਰ ਦੇ ਪ੍ਰੇਮ ਨੂੰ ਮਹਾਨ ਵਿਅਕਤੀਆਂ ਨੇ ਅਤੁੱਟ ਬਣਾ ਦਿੱਤਾ ਸੀ ਤੇ ਕਲੋਲ ਹੁੰਦੇ ਰਹੇ...।

ਇਕ ਦਿਨ ਚੂਚਕ ਘਰੋਂ ਬਾਹਰ ਨਿਕਲਦਾ ਹੈ ਤੇ ਕਿਸੇ ਪਾਸੋਂ ਹੀਰ ਦੇ ਇਸ਼ਕ ਬਾਰੇ ਸੁਣ ਲੈਂਦਾ ਹੈਂ । ਮਨ ਨੂੰ ਇਕ ਤਕੜੀ ਸੱਟ ਵਜਦੀ ਹੈ, ਰੰਗ ਪੀਲਾ ਪੈ ਜਾਂਦਾ ਹੈ ਤੇ ਪੁਠੇ ਪੈਰੀਂ ਘਰ ਪਰਤ ਆਉਂਦਾ ਹੈ । ਕੁੰਦੀ ਘਬਰਾ ਜਾਂਵੀ ਹੈ ਤੇ ਪੁਛ ਕਰਦੀ ਹੈ :

(੧੦) ਕੇ ਕੋਈ ਸਾਥ ਰੰਞਾਣਿਆਂ ਚੋਰਾਂ,
ਖੋਜ ਸਿਆਲੀਂ ਆਇਆ ।
ਕੇ ਕਹੀ ਚਾ ਗਲੀਮ ਭਲੇਰੇ,
ਅਕਬਰ ਸ਼ਾਹ ਨੂੰ ਭਛਾਇਆ । ੩੦੯ ।

ਚੂਚਕ ਕੁੰਦੀ ਤੇ ਗਿਲਾ ਕਰਦਾ ਹੈ ਕਿ ਉਹ ਹੀਰ ਦੀ ਵਾਰੀ ਨਾ ਹੀ ਗਰਭਵਤੀ ਹੁੰਦੀ ਤਾਂ ਚੰਗਾ ਸੀ :

(੧੧) ਨਾ ਮੈਂ ਮੰਦੀ ਨੀਯਤ ਕੀਤੀ,
ਨਹੀਂ ਕਿਨੇ ਅਕਬਰ ਸ਼ਾਹ ਭਛਾਇਆ ।
ਨਾ ਫੁਟ ਵਿਆਂਦੀ ਹੀਰੇ ਦੀ ਮਾਏ,
ਜੋ ਤੀਰ ਅਸਾਨੂੰ ਲਾਇਆ । ੩੧੦ ।

ਕੁੰਦੀ ਸਿਰ ਫੜ ਕੇ ਬਹਿ ਜਾਂਦੀ ਹੈ । ਬਥੇਰੇ ਢੰਗ ਵਰਤੇ ਜਾਂਦੇ ਹਨ, ਹੀਰ ਨੂੰ ਚਾਕ ਦੀ ਅਸ਼ਨਾਈ ਤੋਂ ਰੋਕਣ ਦੇ । ਮਾਂ ਤੇ ਭਾਬੀਆਂ ਸਮਝਾਇਆ, ਮਾਰ ਮੁਕਾਉਣ ਦੀਆਂ ਵਿਉਂਤਾਂ ਬਣੀਆਂ, ਪਰ ਸਭ ਵਿਅਰਥ । ਹੀਰ ਪੈਰਾਂ ਤੇ ਪਾਣੀ ਹੀ ਨਾ ਪੈਣ ਦੇਂਦੀ । ਔੜਕ ਚੂਚਕ ਇਸ ਭੇਤ ਦੇ ਪਤਾ ਲਾਉਣ ਲਈ ਕੈਦੋਂ (ਹੀਰ ਦਾ ਤਾਇਆ) ਨੂੰ ਸੌਂਪਣੀ ਦੇਂਦਾ ਹੈ । ਪਰ ਕੈਦੋਂ ਹੀਰ ਤੋਂ ਡਰਦਾ ਹੋਇਆ ਚੂਚਕ ਨੂੰ ਆਪ ਹੀ ਇਹ ਕੰਮ ਕਰਨ ਲਈ ਕਹਿੰਦਾ ਹੈ :

(੧੨) ਓਹ ਨਾ ਟਲੇ ਅਕਬਰ ਕੋਲੋਂ
ਮੈਨੂੰ ਜਾਣ ਮਰੈਂਦਾ ।

ਜੇ ਵੇਖੇ ਤਾਂ ਛੋੜੇ ਨਾਹੀਂ,
ਆਪ ਨੀਹੇ ਕਿਉਂ ਵੈਂਦਾ । ੩੧੭ ।

ਚੂਚਕ ਦੇ ਕਾਫੀ ਕਹਿਣ ਤੇ ਕੈਦੋ ਜਾਂਦਾ ਹੈ ਤੇ ਹੀਰ ਨੂੰ ਬੇਲੇ ਚੂਰੀ ਲਿਜਾਂਦਾ ਵੇਖ ਲੈਂਦਾ ਹੈ । ਆਦਤ ਅਨੁਸਾਰ ਸ਼ੋਰ ਪਾਉਣ ਲਗਦਾ ਹੈ (ਸੁਣੋ ਸਿਆਲੋ ! ਧੀਆਂ ਵਾਲਿਓ ! ਧੀਆਂ ਮੂਲ ਨਾ ਰਖੋ) । ਇਸ ਤੋਂ ਬਾਅਦ ਚੂਚਕ ਆਪ ਵੀ ਹੀਰ-ਰਾਂਝੇ ਨੂੰ ਜਲੂਰ ਤੇ 'ਕੱਠਿਆਂ ਸੁੱਤਾ ਵੇਖ ਲੈਂਦਾ ਹੈ . . . . . .

ਘਰਦਿਆਂ ਦੀ ਚਿੰਤਾ ਵਧਦੀ ਜਾਂਦੀ ਹੈ । ਉਹ ਹੀਰ ਦਾ ਵਿਆਹ ਰਚਾ ਦੇਂਦੇ ਹਨ । ਕਵੀ ਜਿਥੇ ਕਿੱਸੇ ਦੇ ਆਰੰਭ ਵਿਚ ਚੂਚਕ ਨੂੰ ਅਕਬਰ ਦੇ ਬਰਾਬਰ ਦਾ ਦਸਦਾ ਹੈ, ਉਥੇ ਹੁਣ ਅਲੀ (ਹੀਰ ਦਾ ਸੋਹਰਾ) ਨੂੰ ਵੀ ਅਕਬਰ ਜਿੱਡਾ ਦਸਦਾ ਹੈ :

(੧੩) ਆਖ ਦਮੋਦਰ ਅਕਬਰ ਕੋਲੋਂ
ਦੋਵੇਂ ਨਾ ਘਟ ਆਹੇ । ੩੯੧ ।

ਹੀਰ ਨੂੰ ਖੇੜੇ ਪਰ੍ਹਨਾ ਲਿਜਾਂਦੇ ਹਨ । ਹੀਰ ਸਰੀਰਕ ਤੌਰ ਤੇ ਤਾਂ ਖੇੜਿਆਂ ਦੀ ਹੋ ਜਾਂਦੀ ਹੈ, ਪਰ ਉਹ ਰਾਂਝੇ ਨੂੰ ਮੁਢੋਂ ਹੀ ਆਪਣਾ ਸਾਥੀ ਸਮਝਦੀ ਹੈ । ਰਾਂਝੇ ਨੂੰ ਹਿਰਦੇ 'ਚ ਵਸਾਈ ਆਪਣੇ ਪਤੀ ਨਾਲ ਅੰਗ ਤਕ ਨਹੀਂ ਲਾਹੁੰਦੀ । ਉਹ ਤਾਂ ਆਪਣੇ ਪ੍ਰੀਤਮ ਦੇ ਵਿਜੋਗ ਵਿਚ ਮਾਂਦੀ ਪਈ ਜਾਂਦੀ ਹੈ . . . . . . .

ਹੀਰ ਨੂੰ ਐਸੀ ਅਵਸਥਾ ਵਿਚ ਵੇਖ ਪੀਰ ਸਹਿਤੀ ਦੇ ਦਿਲ ਵਿਚ ਹੀਰ ਲਈ ਹਿੱਤ ਜਗਾਉਂਦੇ ਹਨ । ਸਹਿਤੀ (ਹੀਰ ਦੀ ਨਨਾਣ) ਵੀ ਆਪਣੀ ਭਾਬੀ ਵਾਂਡ ਰਾਮੂ ਬਾਹਮਣ ਦੇ ਇਸ਼ਕ ਵਿਚ ਰਤੀ ਹੁੰਦੀ ਹੈ । ਪਰ ਹੀਰ ਨਾਲੋਂ ਖੇਖਣ ਵਧੇਰੇ ਜਾਣਦੀ ਹੈ । ਰਾਮੂ ਰਾਹੀਂ ਰਾਂਝੇ ਨੂੰ ਸੁਨੇਹੇ ਭੇਜਦੀ ਹੈ । ਉਹ ਜੋਗੀ ਬਣ ਕੇ ਆਉਂਦਾ ਹੈ । ਸਹਿਤੀ ਹੀਰ ਨੂੰ ਝੂਠੀ ਮੂਠੀ ਦਾ ਸੱਪ ਲੜਾਉਣ ਦਾ ਸਾਂਘ ਰਚ ਕੇ ਰਾਂਝੇ ਜੋਗੀ ਪਾਸੋਂ ਬੰਦ ਕਮਰੇ ਵਿਚ ਇਲਾਜ ਕਰਾਉਂਦੀ ਹੈ । ਜ਼ਹਿਰ ਕੱਢਦਾ ਕੱਢਦਾ ਜੋਗੀ ਸਹਿਤੀ ਦੀ ਸਹਾਇਤਾ ਨਾਲ ਸੰਨ੍ਹ ਲਾ ਕੇ ਹੀਰ ਨੂੰ ਕੱਢ ਲਿਜਾਂਦਾ ਹੈ । ਹੀਰ-ਰਾਂਝਾ ਰਸਤੇ ਵਿਚ ਨਾਹੜਾਂ ਤੋਂ ਸ਼ਰਨ ਮੰਗਦੇ ਹਨ । ਅਗੋਂ ਨਾਹੜ ਛਾਤੀ ਠੋਕ ਕੇ ਉਹਨਾਂ ਨੂੰ ਹੌਸਲਾ ਦੇਂਦੇ ਹਨ :

(੧੪) ਆਖ ਦਮੋਦਰ ਮੂਲ ਨਾ ਦਸਾਂ,
ਤੋੜੇ* ਅਕਬਰ ਆਏ । ੮੬੧ ।

ਨਾਹੜਾਂ ਨੇ ਹੀਰ-ਰਾਂਝੇ ਖਾਤਰ ਖੇੜਿਆਂ ਨਾਲ ਲੜਾਈ ਕੀਤੀ । ਦੋਹਾਂ ਪਾਸੇ ਅਜਾਈਂ ਜਾਨਾਂ ਮਾਰੀਆਂ ਗਈਆਂ । ਪਿਛੋਂ ਕਿਸੀ ਦੇ ਕਹਿਣ ਤੇ ਕੋਟ ਕਬੂਲੇ ਦੇ ਕਾਜ਼ੀ ਤੋਂ

---

* ਭਾਵੇਂ

ਨਿਆਂ ਕਰਾਉਣ ਦਾ ਫੈਸਲਾ ਹੋਇਆ । ਜਦ ਕੋਟ ਕਬੂਲੇ ਦਾ ਕਾਜ਼ੀ ਹੀਰ ਦੇ ਵਿਰੁਧ ਖੇੜਿਆਂ ਦੀ ਹਮਾਇਤ ਕਰਦਾ ਹੈ ਤਾਂ ਹੀਰ ਉਸ ਨੂੰ ਆਖਦੀ ਹੈ ਕਿ ਇੰਝ ਨਿਆਂ ਕਰ ਜਿਵੇਂ ਤੇਰੀ ਆਪਣੀ ਧੀ ਹੋਵੇ :

(੧੫) ਸਚੇ ਖੁਦਾਇ ਦੇ ਕੋਲੋਂ ਡਰ ਤੂੰ,
ਮਤ ਕਾਈ ਹੋਵੀ ਪੇਟੋਂ ਜਾਈ ।
ਅਕਬਰ ਸ਼ਾਹ ਦਾ ਰਾਜ ਡਢੇਰਾ,
ਜੈਂ ਤੈਨੂੰ ਕਜ਼ਾ ਦਿਤੀ ਆਈ । ੯੧੪ ।

ਕਾਜ਼ੀ ਹੀਰ ਨੂੰ ਇਸ਼ਕੋਂ ਹਟਣ ਦੀ ਮੱਤ ਦੇਂਦਾ ਹੈ, ਉਹਨੂੰ ਖੇੜਿਆਂ ਨਾਲ ਤੁਰ ਜਾਣ ਲਈ ਕਹਿੰਦਾ ਹੋਇਆ ਉਹਦੇ ਪਿਉ ਤੇ ਸੋਹਰੇ ਦੀ ਵਡਿਤਣ ਦਾ ਜ਼ਿਕਰ ਕਰਦਾ ਹੈ :

(੧੬) ਸੁਣ ਹੀਰੇ ! ਤੂੰ ਨੋਂਹ ਕੈਂਦੀ,
ਅਰ ਧੀ ਕੈਂਦੀ ਆਹੀ ।
ਅਕਬਰ ਨਾਲ ਜੁੜੇਂਦੇ ਪੱਲੂ,
ਭੁਈਂ ਨਈਂ ਦੇ ਸਾਈਂ । ੯੨੫ ।

ਹੀਰ ਨਹੀਂ ਮੰਨਦੀ । ਉਹ ਤਾਂ ਰਾਂਝੇ ਨੂੰ ਹੀ ਆਪਣਾ ਮੁਰਸ਼ਦ ਦਸਦੀ ਹੈ । ਕਾਜ਼ੀ ਗੁਸੇ 'ਚ ਆ ਕੇ ਹੀਰ ਖੇੜਿਆਂ ਨੂੰ ਸੌਂਪ ਦੇਂਦਾ ਹੈ । ਖੇੜੇ ਹੀਰ ਨੂੰ ਮਾਰਦੇ ਕੁੱਟਦੇ ਹਨ (ਪਕੜ ਖੇੜਿਆਂ ਨੂੰ ਮਿਲੀ ਸਲੇਟੀ, ਘੋੜਿਆਂ ਅਗੇ ਲਾਈ । ਕੋਈ ਵੱਟਾ, ਕੋਈ ਸੋਟਾ, ਕਹੀਏਂ ਲਤ ਚਲਾਈ) । ਇਸ ਬੁਰੀ ਹਾਲਤ ਵਿਚ ਖੇੜੇ ਹਾਲੀ ਹੀਰ ਨੂੰ ਥੋੜੀ ਦੂਰ ਲੈ ਕੇ ਪਹੁੰਚੇ ਸਨ ਕਿ ਕੋਟ ਕਬੂਲੇ ਦੇ ਦਰਵਾਜ਼ੇ ਨੂੰ ਅੱਗ ਲੱਗ ਗਈ । ਲੋਕ ਜੋਗੀ ਦੀ ਕਰਾਮਾਤ ਮੰਨਣ ਲਗ ਪੈਂਦੇ ਹਨ । ਸਾਰੇ ਕਾਜ਼ੀ ਦੀ ਬੇ-ਨਿਆਈਂ ਕਹਿੰਦੇ ਹੋਏ ਉਸ ਤੋਂ ਪੁਛ ਕਰਦੇ ਹਨ :

(੧੭) ਜੇ ਪੁਛੇ ਸ਼ਾਹ ਅਕਬਰ ਤੈਨੂੰ,
ਤਾਂ ਤੂੰ ਜਬਾਬ ਕੇ ਦੇਂਦਾ । ੯੬੧ ।

ਕਾਜ਼ੀ ਵੀ ਜੋਗੀ ਨੂੰ ਪਹੁੰਚਿਆ ਹੋਇਆ ਸਮਝਣ ਲਗ ਪੈਂਦਾ ਹੈ । ਆਪਣੇ ਕੀਤੇ ਫੈਸਲੇ ਦਾ ਪਛਤਾਵਾ ਮਹਿਸੂਸ ਕਰਦਾ ਹੈ ਤੇ ਫੌਜ ਨੂੰ ਹੀਰ ਪਿਛੇ ਭੇਜ ਦੇਂਦਾ ਹੈ । ਇਥੇ ਕਾਜ਼ੀ ਰਾਂਝੇ ਨੂੰ ਪਰਖਦਾ ਹੈ ਕਿ ਜੇ ਉਹ ਅੱਗ ਬੁਝਾ ਦੇਵੇ ਤਾਂ ਹੀਰ ਉਹਦੇ ਨਾਲ ਤੋਰੀ ਜਾ ਸਕਦੀ ਹੈ । ਰਾਂਝੇ ਦੀ ਰਖਿਆ ਕਰਨ ਵਾਲੇ ਪੀਰ ਅੱਗ ਬੁਝਾ ਦੇਂਦੇ ਹਨ ਅਤੇ ਰਾਂਝਾ ਜੋਗੀ ਸਣੇ ਹੀਰ ਦੇ ਸ਼ਹਿਰੋਂ ਬਾਹਰ ਚਲੇ ਜਾਂਦੇ ਹਨ . . . . .

ਕਿੱਸੇ ਦੇ ਅੰਤ 'ਤੇ ਕਵੀ ਹੀਰ-ਰਾਂਝੇ ਦਾ ਮਿਲਾਪ ਦਸਦਾ ਹੋਇਆ ਕਿੱਸੇ ਦੇ ਅਰੰਭਕ ਨਿਯਮ ਵਾਂਙ ਅਕਬਰ ਦੀ ਵਡਿਆਈ ਵਜੋਂ ਲਿਖਦਾ ਹੈ :

(੧੮) ਪਾਤਸ਼ਾਹੀ ਜੋ ਅਕਬਰ ਸੰਦੀ,
ਦਿਨ ਦਿਨ ਚੜ੍ਹੇ ਸਵਾਏ ।
ਆਖ ਦਮੋਦਰ ਦੇ ਅਸੀਸਾਂ,
ਸ਼ਹਿਰੋਂ ਬਾਹਰ ਆਏ ।੯੫੮।

ਏਦਾਂ ਸਾਰੇ ਕਿੱਸੇ ਵਿਚ ਅਕਬਰ ਦਾ ਨਾਂ ਅਠਾਰਾਂ ਥਾਂ ਤੇ ਆਇਆ ਹੈ । ਉਪ੍ਰੋਕਤ ਹਵਾਲਿਆਂ ਤੋਂ ਤਾਂ ਇੰਵ ਜਾਪਦਾ ਹੈ ਜੀਕਣ ਅਕਬਰ ਝੰਗ-ਸਿਆਲਾਂ ਦੇ ਲਾਗੇ ਚਾਗੇ ਦੇ ਕਿਸੀ ਪਿੰਡ ਦਾ ਚੌਧਰੀ ਹੋਵੇ । ਇਸ ਗੱਲ ਦੀ ਪੁਸ਼ਟੀ ਲਈ ਉਪਰ ਦਿਤੇ ਹਵਾਲਿਆਂ ਵਿਚੋਂ ੨, ੩, ੪, ੭, ੮, ੯, ੧੦, ੧੧ ਤੇ ੧੬ ਨੂੰ ਗਹੁ ਨਾਲ ਵਿਚਾਰਿਆ ਜਾ ਸਕਦਾ ਹੈ । ਬਾਕੀ ਦੇ ਵੇਰਵੇ ਵੀ ੧, ੧੫, ਤੇ ੧੮ ਨੂੰ ਛੱਡ ਕੇ, ਅਕਬਰ ਦੀ ਨੇੜਤਾ ਦੇ ਪ੍ਰਤੀਕ ਹਨ । ੧, ੧੫ ਤੇ ੧੮ ਅਕਬਰ ਦੀ ਉਸਤਤ ਵਜੋਂ ਲਿਖੇ ਗਏ ਹਨ, ਜੇ ਵਿਚਾਰ ਕੀਤੀ ਜਾਏ ਤਾਂ ਇਹ ਮਾਣ ਚੌਧਰੀ ਤੇ ਵਡੇ ਜ਼ਿਮੀਂਦਾਰ ਨੂੰ ਵੀ ਪ੍ਰਾਪਤ ਹੋ ਸਕਦਾ ਹੈ । ਇਸ ਗੱਲ ਨੂੰ ਕਦਾਚਿਤ ਵੀ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਅਸੀਂ ਉਸ ਸਮੇਂ ਬਾਰੇ ਵਿਚਾਰ ਕਰ ਰਹੇ ਹਾਂ । ਜਦ ਆਵਾਜਾਈ ਦੇ ਸਾਧਨ ਐਡੇ ਕਠਨ ਸਨ ਕਿ ਸਿਆਲਾਂ ਦਾ ਅਕਬਰ ਸ਼ਹਿਨਸ਼ਾਹ ਨਾਲ ਮੇਲ-ਜੋਲ ਹੋਣਾ ਤਾਂ ਇਕ ਖਾਸੇ ਰਹਿਆ, ਝੰਗੀ ਲੋਕਾਂ ਨੂੰ ਅਕਬਰ ਬਾਦਸ਼ਾਹ ਦੇ ਦਰਸ਼ਨ ਵੀ ਸ਼ਾਇਦ ਹੀ ਨਸੀਬ ਹੋਏ ਹੋਣ । ਚੂਚਕ ਘਰੋਂ ਬਾਹਰ ਜਾਂਦਾ ਹੈ ਤੇ ਲੋਕਾਂ ਪਾਸੋਂ ਧੀ ਬਾਰੇ ਸੁਣ ਉਦਾਸ ਘਰ ਪਰਤਣ ਪੁਰ ਕੁੰਦੀ ਪੁਛਦੀ ਹੈ ਕਿ ਕਿਸ ਦੁਸ਼ਮਣ ਨੇ ਅਕਬਰ ਨੂੰ ਤੇਰੇ ਵਿਰੁਧ ਚੁੱਕਿਆ ਹੈ ? (ਕੇ ਕਹੀ ਚਾ ਗਲੀਮ ਭਲੇਰੇ, ਅਕਬਰ ਸ਼ਾਹ ਨੂੰ ਭੜਾਇਆ) ਸਪੱਸ਼ਟ ਹੈ ਕਿ ਅਕਬਰ ਚੂਚਕ ਦੇ ਲਾਗੇ ਹੀ ਰਹਿੰਦਾ ਹੈ ।

ਇਹ ਉਦਾਹਰਣਾਂ ਤਾਂ ਇਉਂ ਦਸਦੀਆਂ ਹਨ ਕਿ ਕਿੱਸੇ ਵਿਚ ਸ਼ਹਿਨਸ਼ਾਹ ਅਕਬਰ ਦਾ ਜ਼ਿਕਰ ਨਹੀਂ, ਇਹ ਤਾਂ ੩੮੪ ਪਿੰਡਾਂ ਦਾ ਚੋਧਰੀ (ਅਕਬਰ) ਹੋਣੈ, ਜਿਨ੍ਹਾਂ ਪਿੰਡਾਂ ਦੀ ਨਿਗਰਾਨੀ ਚੂਚਕ ਕਰਦਾ ਰਹਿਆ ਜਾਂ ਚੂਚਕ ਵਾਂਙ ਹੀ ਆਸ ਪਾਸ ਦੇ ਕਿਸੇ ਪਿੰਡ ਦਾ ਚੋਧਰੀ ਹੋਣਾ ਹੈ । ਅਕਬਰ ਚੋਧਰੀ ਦੇ ਪਿੰਡ ਕੁਝ ਵਧੇਰੇ ਹੋਣਗੇ ਜਾਂ ਕਿਸੀ ਹੋਰ ਕਾਰਨ ਉਸ ਦਾ ਦਬਦਬਾ ਨੇੜੇ ਤੇੜੇ ਦੇ ਪਿੰਡਾਂ ਵਿਚ ਵਧੇਰੇ ਰਹਿਆ ਹੋਵੇਗਾ ਤੇ ਕਵੀ ਨੇ ਇਜ਼ਤ ਜਾਂ ਰੋਅਬ ਵਜੋਂ ਉਸ ਦਾ ਜ਼ਿਕਰ ਮਾਣ ਦੇ ਰੂਪ ਵਿਚ ਕੀਤਾ ਹੈ ।

ਆਪਣੇ ਖਿਆਲਾਂ ਦੀ ਪੁਸ਼ਟੀ ਲਈ ਇਥੇ ਦੋ ਮਹਾਨ ਵਿਅਕਤੀਆਂ ਦਾ ਵਰਨਣ ਕਰਨਾ ਉਚਿਤ ਸਮਝਦਾ ਹਾਂ । ਸ਼ਾਹ ਹੁਸੈਨ, ਜਿਨ੍ਹਾਂ ਦੇ ਜੀਵਨ-ਕਾਲ ਦਾ ਸੰਮਤ ੧੫੯੬-੧੬੫੭ ਬਿ: ਹੈ, ਨੇ ਆਪਣੀਆਂ ਕੋਈ ਡੇਢ ਦਰਜਨ ਕਾਫ਼ੀਆਂ ਵਿਚ ਹੀਰ ਰਾਂਝਾ, ਝੰਗ-ਸਿਆਲ, ਖੇੜਾ, ਤਖਤ ਹਜ਼ਾਰਾ, ਝੰਨਾ, ਚਾਕ ਆਦਿ ਦਾ ਜ਼ਿਕਰ ਇਉਂ ਕੀਤਾ ਹੈ ਜਿਵੇਂ ਹੀਰ-ਰਾਂਝੇ ਦੀ ਪ੍ਰੀਤ-ਕਹਾਣੀ ਉਨ੍ਹਾਂ ਦੇ ਸਮੇਂ ਚਰੋਕੀ ਤੇ ਆਮ

ਪ੍ਰਚਲਤ ਹੋ ਚੁਕੀ ਸੀ । ਜਿਵੇਂ :—

"ਜੇ ਤੂੰ ਤਖਤ ਹਜ਼ਾਰੇ ਦਾ ਸਾਈਂ,
ਅਸੀਂ ਸਿਆਲਾਂ ਦੀਆਂ ਕੁੜੀਆਂ ।"

— — —

"ਰਾਂਝਣ ਜੋਗੀ ਮੈਂ ਜੁਗਿਆਣੀ,
ਕਮਲੀ ਕਰ ਕਰ ਸੱਟੀਆਂ ।"

— — —

'ਮਾਹੀ ਮਾਹੀ ਕੂਕਦੀ,
ਮੈਂ ਆਪੇ ਰਾਂਝਣ ਹੋਈ ।
ਰਾਂਝਣੁ ਰਾਂਝਣੁ ਮੈਨੂੰ ਸਭ ਕੋਈ ਆਖੇ
ਹੀਰ ਨ ਆਖੋ ਕੋਈ ।'

— —

'ਰਾਂਝਣ ਮੈਂਹਡਾ ਮੈਂ ਰਾਂਝਣ ਦੀ,
ਖੇੜਿਆਂ ਨੂੰ ਕੂੜੀ ਝਾਕੁ ।'

ਆਦਿ ।

ਸ਼ਾਹ ਹੁਸੈਨ ਨੇ ਆਪਣੀਆਂ ਕਾਫੀਆਂ ਵਿਚ ਆਪਣੇ ਆਪ ਨੂੰ ਹੀਰ ਤੇ ਰਾਂਝੇ ਨੂੰ ਅਪਣਾ ਮੁਰਸ਼ਦ ਦਸਿਆ ਹੈ। ਭਾਵ ਕਿ ਹੀਰ-ਰਾਂਝੇ ਦੇ ਪ੍ਰੇਮ ਨੂੰ ਆਰਦਸ਼ਕ ਗੁਰੂ ਚੇਲੇ ਦੀ ਰੰਗਣ ਵਿਚ ਪੇਸ਼ ਕੀਤਾ ਹੈ। ਇਥੇ ਇਹ ਗੱਲ ਕੋਈ ਲੁੱਕੀ ਛਿਪੀ ਨਹੀਂ ਰਹਿ ਜਾਂਦੀ ਕਿ ਜੇ ਹੀਰ-ਰਾਂਝੇ ਦਾ ਮੇਲ ੧੬੨੯ ਬਿ: ਵਿਚ ਹੋਇਆ ਮੰਨ ਲਈਏ ਤਾਂ ਉਨ੍ਹਾਂ ਦਾ ਸਮਕਾਲੀ ਕਵੀ ਉਨ੍ਹਾਂ ਦੇ ਇਸ਼ਕ ਨੂੰ ਇੰਨੀ ਉਚ-ਪਦਵੀ ਨਾ ਦੇਂਦਾ। ਦੂਜੀ ਗੱਲ ਇਹ ਵੀ ਹੈ ਕਿ ਸ਼ਾਹ ਹੁਸੈਨ ਨੇ ਇਹ ਕਾਫੀਆਂ ਇਕੋ ਸਾਹ ਨਹੀਂ ਲਿਖੀਆਂ । ਸਗੋਂ ਇਹੋ ਜਿਹੀਆਂ ਕਾਫੀਆਂ ਉਹ ਹੀਰ-ਰਾਂਝੇ ਦੇ ਮੇਲ ਤੋਂ ਕਈ ਵਰ੍ਹੇ ਪਹਿਲਾਂ ਤੋਂ ਲਿਖ ਰਹਿਆ ਸੀ। ਸ: ਸ਼ਮਸ਼ੇਰ ਸਿੰਘ ਅਸ਼ੋਕ* ਹੁਰਾਂ ਦੀ ਖੋਜ ਇਉਂ ਦਸਦੀ ਹੈ :

..... "ਇਸ ਸਮੇਂ ਸ਼ਾਹ ਹੁਸੈਨ ਦੀ ਉਮਰ ੨੬ ਵਰ੍ਹਿਆਂ (੧੬੨੨ ਬਿ:) ਦੀ ਸੀ, ਜਿਸ ਤੋਂ ਪਤਾ ਲਗਦਾ ਹੈ ਕਿ ਉਹ ਕੁਰਾਨ ਤੇ ਉਸ ਦੀਆਂ ਤਫ਼ਸੀਰਾਂ ਪੜ੍ਹ ਕੇ ਤੇ ਹੋਰ ਹਦੀਸਾਂ ਦਾ ਇਲਮ ਹਾਸਲ ਕਰਕੇ ਚੰਗਾ ਆਲਿਮ ਬਣ ਚੁੱਕਾ ਸੀ, ਪਰ ਸਾਈਂ ਬਹਿਲੋਲ ਨੇ ਜੋ ਜ਼ੁਹਦੋ ਇਬਾਦਤ ਅਥਵਾ ਭਗਤੀ-ਭਾਵ ਦੀ ਚਿਣਗ ਇਸ ਦੇ ਸੀਨੇ ਵਿਚ ਬਚਪਨ ਤੋਂ ਹੀ ਲਾ ਛੱਡੀ ਸੀ, ਉਹ ਇਸ ਸਮੇਂ ਅਲੰਬਾ ਬਣ

* ਵੇਖੋ 'ਪੰਜਾਬੀ ਦੁਨੀਆਂ' ਦਾ 'ਸ਼ਾਹ ਹੁਸੈਨ ਅੰਕ'—ਪੰਨਾ ੧੯ ।

ਕੇ ਪ੍ਰਗਟ ਹੋਈ, ਜਿਸ ਵਿਚ ਸ਼ਾਹ ਹੁਸੈਨ ਦੀ ਰਹਿੰਦੀ ਖੂੰਹਦੀ ਦੁਨੀਆਂਦਾਰੀ ਵੀ ਸੜ ਗਈ ਹੈ, ਉਹ ਇਸਲਾਮੀ ਸ਼ਰ੍ਹਾ ਦੇ ਸਾਰੇ ਬੰਧਨ ਤੋੜ ਕੇ ਤੇ ਦਾੜ੍ਹੀ, ਮੁੱਛਾਂ ਤੇ ਭਿੱਫਣਾ ਮੁਨਾ, ਮਸਤ ਮਲੰਗ ਬਣ ਤੁਰਿਆ। ਇਸ ਹਾਲਤ ਵਿਚ ਉਹ ਲਾਹੌਰ ਦੇ ਬਾਜ਼ਾਰਾਂ ਵਿਚ ਜਾਂ ਰੰਡੀਆਂ ਦੇ ਅੱਡਿਆਂ ਤੇ ਸ਼ਰਾਬ ਪੀਂਦਾ ਤੇ ਬੇਖ਼ਦ ਹੋ ਕੇ ਰੱਬੀ ਇਸ਼ਕ ਦੇ ਗੀਤ ਗਾਉਂਦਾ ਨਜ਼ਰ ਆਉਂਦਾ ਸੀ। ਕਹਿੰਦੇ ਹਨ ਕਿ ਇਹ ਮੁਲਾਮਤੀ ਰਸਤਾ ਉਸ ਨੇ ਇਸ ਕਰਕੇ ਅਖ਼ਤਿਆਰ ਕੀਤਾ ਕਿ ਲੋਕੀ ਉਸ ਤੋਂ ਨਫਰਤ ਕਰਨ ਤੇ ਉਹ ਦੁਨੀਆਂ ਤੋਂ ਇਕ ਪਾਸੇ ਰਹਿ ਕੇ ਪੂਰੀ ਤਰ੍ਹਾਂ ਕੁਦਰਤ ਦੇ ਕਾਦਰ ਵਲ ਆਪਣਾ ਧਿਆਨ ਜੋੜ ਸਕੇ।'' . . . .

ਇਸ ਦਾ ਅਰਥ ਤਾਂ ਇਹ ਹੋਇਆ ਕਿ ਸ਼ਾਹ ਹੁਸੈਨ ਹੁਰੀਂ ੧੬੨੨ ਬਿ: ਤੋਂ ਸੂਫੀ ਰੰਗਣ ਦੀ ਕਵਿਤਾ ਲਿਖਣੀ ਅਰੰਭੀ ਤੇ ਇਕ ਅੱਧ ਵਰ੍ਹੇ ਬਾਅਦ ਆਪਣੀਆਂ ਕਾਫ਼ੀਆਂ ਵਿਚ, ਮਲਾਮਤੀ ਬਣਨ ਲਈ, ਹੀਰ ਰਾਂਝੇ ਦਾ ਜ਼ਿਕਰ ਕਰਨ ਲਗੇ। ਚਲੋ ਇਕ ਅੱਧ ਵਰ੍ਹਾ ਨਾ ਸਹੀ, ਦੋ ਚਾਰ ਵਰ੍ਹੇ ਮਗਰੋਂ ਸਹੀ। ਪਰ ਇਹ ਤਾਂ ਨਹੀਂ ਹੋ ਸਕਦਾ ਕਿ ਉਧਰ ਇਸ ਸਮੇਂ ਹੀਰ-ਰਾਂਝੇ ਦਾ ਮਸਾਂ ਹੀ ਪਿਆਰ ਪਇਆ ਤੇ ਇਧਰ ਸ਼ਾਹ ਹੁਸੈਨ ਉਨ੍ਹਾਂ ਨੂੰ ਆਦਰਸ਼ਕ ਪ੍ਰੇਮੀਆਂ ਦੇ ਰੂਪ ਵਿਚ ਯਾਦ ਕਰਨ ਲਗ ਪਇਆ ਹੋਵੇ। ਇਸ ਤਰ੍ਹਾਂ ਹੀਰ-ਰਾਂਝੇ ਦੇ ਮੇਲ ਦਾ ਸਮਾਂ ੧੫੨੯ ਬਿ: ਹੀ ਠੀਕ ਹੈ। ਸ਼ਾਹ ਹੁਸੈਨ ਦੇ ਸਮੇਂ ਤਕ ਇਹ ਕਿੱਸਾ ਆਮ ਲੋਕਾਂ ਨੂੰ ਮੂੰਹ ਜ਼ਬਾਨੀ ਯਾਦ ਹੋ ਗਇਆ ਹੋਣਾ ਹੈ ਕਿਉਂਕਿ ਦਮੋਦਰ ਕਿੱਸਾ ਲਿਖ ਚੁਕਿਆ ਸੀ।

ਦੂਜੀ ਦਲੀਲ ਪ੍ਰਸਿਧ ਤੇ ਮਹਾਨ ਲੇਖਕ ਭਾਈ ਗੁਰਦਾਸ ਜੀ ਦੀ ਦਿੱਤੀ ਜਾ ਸਕਦੀ ਹੈ। ਆਪ ਜੀ ਦਾ ਜੀਵਨ ਕਾਲ ੧੬੧੦—੧੬੯੪ ਬਿ: ਹੈ ਅਰਥਾਤ ਆਪ ਵੀ ਹੀਰ-ਰਾਂਝੇ ਦੇ ੧੬੨੯ ਬਿ: ਦੇ ਮਿਲਣ ਮੁਤਾਬਕ ਉਨ੍ਹਾਂ ਦੇ ਸਮਕਾਲੀ ਬਣ ਜਾਂਦੇ ਹਨ, ਪਰ ਆਪ ਹੀਰ-ਰਾਂਝੇ ਨੂੰ ਜਗਤ-ਪ੍ਰਸਿਧ ਪ੍ਰੇਮੀਆਂ ਦੀ ਕਤਾਰ ਵਿਚ ਆ ਖੜ੍ਹਾਂਦੇ ਹਨ। ਅਜ ਕਲ ਤਾਂ ਹੀਰ-ਰਾਂਝੇ ਨੂੰ ਉਘੇ ਆਸ਼ਕਾਂ ਦੇ ਹਾਰ 'ਚ ਪ੍ਰੋਇਆ ਜਾ ਸਕਦਾ ਹੈ ਪਰ ਬੂਟਾ ਸਿੰਘ ਹਾਲੀ ਉਨ੍ਹਾਂ ਦੀ ਸਫ਼ ਵਿਚ ਨਹੀਂ ਆ ਸਕਦਾ। ਹਾਂ, ਜੇ ਬੂਟਾ ਸਿੰਘ ਦੇ ਵੀ ਰਜ ਕੇ ਕਿੱਸੇ ਲਿਖੇ ਜਾਣ ਤਾਂ ਆਉਂਦੇ ਸਮੇਂ ਇਹਨੂੰ ਵੀ ਹੋਰਨਾਂ ਵਾਂਙ ਯਾਦ ਕੀਤਾ ਜਾਏਗਾ। ਇਹਦਾ ਮਤਲਬ ਇਹ ਹੋਇਆ ਕਿ ਜਿਨ੍ਹਾਂ ਚੀਜ਼ਾਂ ਦੀ ਵਰਤਮਾਨ 'ਚ ਕਦਰ ਨਹੀਂ, ਉਹ ਆਪਣੀ ਥਾਂ ਭਵਿਖਤ ਵਿਚ ਬਣਾ ਲੈਂਦੀਆਂ ਹਨ। ਤਦ ਕਿਵੇਂ ਮੰਨ ਲਈਏ ਕਿ ਭਾਈ ਸਾਹਿਬ ਨੇ ਆਪਣੇ ਸਮਕਾਲੀ ਆਸ਼ਕਾਂ ਨੂੰ ਐਡਾ ਉਚਾ ਰੁਤਬਾ ਦੇ ਦਿਤਾ ਹੋਵੇ। ਆਪ ਲਿਖਦੇ ਹਨ :—

ਰਾਂਝਾ ਹੀਰ ਵਖਾਣੀਐ,
ਉਹ ਪਿਰਮ ਪਰਾਤੀ।

ਭਾਈ ਸਾਹਿਬ ਬੜੇ ਵਿਦਵਾਨ ਸਨ। ਆਪ ਦੀ ਵਿਦਵਤਾ ਤੋਂ ਅਨੁਮਾਨ

ਲਾਇਆ ਜਾ ਸਕਦਾ ਹੈ ਕਿ ਆਪ ਨੇ ਢੇਰ ਸਮਾਂ ਸੰਸਾਰਕ ਅਧਿਐਨ 'ਚ ਬਿਤਾਇਆ ਹੋਣੈ। ਆਪ ਦੀ ਸਾਰੀ ਲਿਖਤ ਗੁਰਸਿਖੀ ਦੇ ਆਸ਼ੇ ਅਨੁਕੂਲ ਹੈ। ਆਪ ਨੇ ਆਪਣੀਆਂ ਵਾਰਾਂ ਵਿਚ ਹਰ ਤਰ੍ਹਾਂ ਦੇ ਵਿਸ਼ੇ ਨੂੰ ਅੰਕਤ ਕੀਤਾ ਹੈ। ਆਪ ਨੇ ਸਾਰੇ ਆਸ਼ਕਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ, ਵਿਆਖਿਆ ਤੇ ਘੋਖਿਆ, ਤਦ ਜਾ ਕੇ ਕਿਧਰੇ ਉਨ੍ਹਾਂ ਨੂੰ ਕਾਵਿ-ਰੂਪ ਦਾ ਜਾਮਾ ਪੁਆਇਆ। ਇਹ ਕਹਿਣਾ ਭੁਲ ਨਹੀਂ ਹੋਵੇਗੀ ਕਿ ਆਪ ਨੇ ਰੁਮਾਂਟਿਕ ਵਿਸ਼ਿਆਂ ਦਾ ਵਰਨਣ ਜਵਾਨੀ ਦੀ ਅਵੱਸਥਾ ਵਿਚ ਹੀ ਕੀਤਾ ਅਰਥਾਤ ੧੬੩੦-੩੫ ਬਿ: ਜਾਂ ਥੋੜਾ ਬਹੁਤ ਅਗੇ ਪਿਛੇ ਦਾ ਸਮਾਂ ਮਿਥਿਆ ਜਾ ਸਕਦਾ ਹੈ।

ਏਦਾਂ ਹੀਰ-ਰਾਂਝੇ ਦਾ ਮਿਲਾਪ ੧੬੨੯ ਬਿ: ਮੰਨ ਲੈਣਾ ਠੀਕ ਨਹੀਂ, ਕਿਉਂਕਿ ਇਸ ਤਰ੍ਹਾਂ ਹੀਰ-ਰਾਂਝਾ ਭਾਈ ਸਾਹਿਬ ਜੀ ਦੇ ਸਮਕਾਲੀ ਬਣ ਜਾਂਦੇ ਹਨ। ਸਮਕਾਲੀ ਰੂਪ ਵਿਚ ਉਧਲ ਜਾਣ ਵਾਲੀ ਹੀਰ, ਜਿਹੜੀ ਢੇਰ ਸਮਾਂ ਬਦਨਾਮੀ ਦਾ ਕਾਰਣ ਬਣੀ ਰਹੀ ਹੋਣੀ ਏ, ਭਾਈ ਸਾਹਿਬ ਕਿਵੇਂ ਐਸੀ ਕਹਾਣੀ ਦਾ ਹਵਾਲਾ ਦੇ ਸਕਦੇ ਸਨ। ਖਿਆਲ ਰਹੇ ਕਿ ਗੁਰੂ ਅਰਜਨ ਦੇਵ ਜੀ ਨੇ ਆਪ ਨੂੰ ਇਕ ਮਹਾਨ ਵਿਅਕਤੀ ਜਾਣ ਕੇ ਆਪ ਤੋਂ ਆਦਿ ਬੀੜ ਦੀ ਲਿਖਾਈ ਦਾ ਕੰਮ ਕਰਾਇਆ। ਗੁਰੂ ਸਾਹਿਬ ਨੇ ਜਿਥੇ ਸ਼ਾਹ ਹੁਸੈਨ, ਪੀਲੂ, ਛੱਜੂ, ਕਾਨ੍ਹਾ ਆਦਿ ਕਵੀਆਂ ਦੀ ਲਿਖਤ ਨੂੰ ਗੁਰਸਿਖੀ ਆਸ਼ੇ ਦੇ ਅਨੁਕੂਲ ਨਹੀਂ ਜਾਣਿਆ ਉਥੇ ਭਾਈ ਸਾਹਿਬ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਮਾਣ ਬਖਸ਼ਿਆ। ਇਹ ਖਿਆਲ ਕਰਨਾ ਕਿ ਗੁਰੂ ਸਾਹਿਬ ਨੇ ਭਾਈ ਸਾਹਿਬ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਨਹੀਂ ਦਰਜ ਕਰਾਇਆ ? ਉਸ ਦਾ ਕੋਈ ਹੋਰ ਕਾਰਨ ਹੈ ਜਿਹੜਾ ਇਥੇ ਲਿਖਣਾ ਕਿਸੀ ਹੋਰ ਪਾਸੇ ਤੁਰ ਜਾਣ ਵਾਲੀ ਗੱਲ ਹੋਵੇਗੀ।

ਉਪ੍ਰੋਕਤ ਚਰਚਾ ਕਰਨ ਦਾ ਸਿੱਟਾ ਇਹ ਨਿਕਲਦਾ ਹੈ ਕਿ ਅਸੀਂ ਹੀਰ-ਰਾਂਝੇ ਨੂੰ ਭਾਈ ਸਾਹਿਬ ਦਾ ਸਮਕਾਲੀ ਕਦਾਚਿਤ ਨਹੀਂ ਮੰਨ ਸਕਦੇ। ਆਪ ਜੀ ਦੇ ਵਰਨਣ ਤੋਂ ਜਾਪਦਾ ਹੈ ਕਿ ਹੀਰ-ਰਾਂਝੇ ਦਾ ਮੇਲ ਆਪ ਤੋਂ ਕਾਫੀ ਸਮਾਂ ਪਹਿਲਾਂ ਹੋਇਆ ਤੇ ਆਪ ਦੇ ਸਮੇਂ ਇਹ ਕਹਾਣੀ ਲਿਖਤੀ ਰੂਪ ਅਪਨਾ ਚੁਕੀ ਸੀ। ਉਸ ਵਕਤ ਤਕ ਹੀਰ-ਰਾਂਝੇ ਦੇ ਕਿੱਸੇ ਨਾਲ ਪੰਜ-ਪੀਰਾਂ ਜਿਹੀਆਂ ਵਿਅਕਤੀਆਂ ਨੂੰ ਰਲਾ ਕੇ ਕਿੱਸੇ ਨੂੰ ਉਚ-ਕੋਟੀ ਦੇ ਪ੍ਰੇਮੀ ਦਸਿਆ ਜਾਣ ਲਗ ਪਇਆ ਸੀ। ਤਦ ਜਾ ਕੇ ਭਾਈ ਸਾਹਿਬ ਨੇ ਉਸ ਕਿੱਸੇ ਨੂੰ ਅਪਣੀ ਕਵਿਤਾ ਵਿਚ ਥਾਂ ਦਿੱਤੀ। ਏਦਾਂ ਦਮੋਦਰ ਦਾ ਦਿੱਤਾ ਹੋਇਆ ਸੰਮਤ ਠੀਕ ਲਗਦਾ ਹੈ।

ਉਪਰ ਦਿੱਤੀਆਂ ਗਈਆਂ ਦਲੀਲਾਂ ਦੇ ਆਧਾਰ ਤੇ ਦਮੋਦਰ ਦਾ ਦਿੱਤਾ ਸੰਮਤ (ਪੰਦਰਾਂ ਸੈ ਅਤੇ ਉਨਤ੍ਰੀ, ਸੰਮਤ ਬਿਕਰਮ ਰਾਏ) ਮੰਨਣ ਯੋਗ ਹੈ। ਸੰਮਤ ਤੇ ਉੱਕਾ ਸ਼ੰਕਾ ਨਹੀਂ ਕੀਤਾ ਜਾ ਸਕਦਾ, ਸਗੋਂ ਅਕਬਰ ਸ਼ਹਿਨਸ਼ਾਹ ਨੂੰ ਕਿੱਸੇ ਨਾਲ

ਜੋੜਨਾ ਭੁਲ ਹੈ।

ਜੇ ਅਸੀਂ ਪੁਰਾਣੇ ਸਮੇਂ ਵਲ ਝਾਤ ਮਾਰੀਏ ਤਾਂ ਇਹ ਗੱਲ ਗੁੱਝੀ ਨਹੀਂ ਰਹਿ ਜਾਂਦੀ ਕਿ ਉਸ ਸਮੇਂ ਪਿੰਡਾਂ ਵਿਚ ਚੌਧਰੀ, ਪਟਵਾਰੀ, ਸਿਪਾਹੀ ਆਦਿ ਦੀ ਕਾਫ਼ੀ ਇਜ਼ਤ ਹੁੰਦੀ ਸੀ। ਹੁਣ ਵੀ, ਜਦ ਕਿ ਜ਼ਮਾਨਾ ਅੰਤਾਂ ਦੀ ਉੱਨਤੀ ਕਰ ਚੁੱਕਿਆ ਹੈ, ਫਿਰ ਵੀ ਪਿੰਡਾਂ ਵਿਚ ਚੌਧਰੀਆਂ ਜਾਂ ਮੁੱਖੀਆਂ ਦਾ ਕਾਫ਼ੀ ਦਬਦਬਾ ਹੈ। ਇਹ ਕਹਿਣਾ ਕੋਈ ਭੁੱਲ ਨਹੀਂ ਹੋਵੇਗੀ ਕਿ ਉਸ ਸਮੇਂ ਬਾਦਸ਼ਾਹ, ਜਿਹੜਾ ਝੰਗ-ਸਿਆਲਾਂ ਤੋਂ ਸੈਂਕੜੇ ਮੀਲਾਂ ਦੀ ਵਿੱਥ ਤੇ ਸੀ, ਪਿੰਡਾਂ ਦੇ ਲੋਕ ਉਧਰ ਘਟ ਹੀ ਧਿਆਨ ਦੇਂਦੇ ਰਹੇ ਹੋਣਗੇ, ਸਗੋਂ ਪੇਂਡੂਆਂ ਲਈ ਤਾਂ ਚੌਧਰੀ ਹੀ ਸਭ ਕੁਝ ਸਨ। ਜੇ ਹੀਰ ਗੱਲ ਕਰਦੀ ਹੈ ਤਾਂ ਅਕਬਰ ਦਾ ਨਾਂ ਲੈਂਦੀ ਹੈ, ਕੂੰਦੀ ਹੈ ਤਾਂ ਉਹ ਵੀ ਅਕਬਰ ਨੂੰ ਅਲਾਪਦੀ ਹੈ। ਹੋਰ ਤੇ ਹੋਰ ਲੁੱਡਣ ਵੀ, ਜਿਸ ਲਈ ਤਾਂ ਸਭ ਕੁਝ ਪਹਿਲਾਂ ਨੂਰ ਖਾਨ ਤੇ ਫਿਰ ਹੀਰ ਦਾ ਹੋਣਾ ਹੈ, ਉਹ ਵੀ ਅਕਬਰ ਨੂੰ ਮਿਸਾਲ ਲਈ ਵਰਤਦਾ ਹੈ (ਅਕਬਰ ਕੋਲੋਂ ਡਰੇ ਨਾ ਮੂਲੋਂ, ਹੋਂਦੇ ਮੁਗਲ ਨਿਤਾਣੇ)।

ਸੋ ਸਿੱਟਾ ਇਹੀ ਨਿਕਲਦਾ ਹੈ ਕਿ ਕਿੱਸੇ ਵਿਚ ਅੰਕਤ ਸੰਮਤ ਨੂੰ ਹੀ ਠੀਕ ਸਮਝਣਾ ਚਾਹੀਦਾ ਹੈ। ਨਾ ਤਾਂ ਲਿਖਾਰੀਆਂ ਦੀ ਗ਼ਲਤੀ ਹੈ ਤੇ ਨਾ ਹੀ ਓਦੋਂ ਅਕਬਰ ਸ਼ਹਿਨਸ਼ਾਹ ਦਾ ਰਾਜ ਸੀ। ਜਿਸ ਅਕਬਰ ਦਾ ਜ਼ਿਕਰ ਹੀਰ-ਦਮੋਦਰ ਵਿਚ ਮਿਲਦਾ ਹੈ, ਉਹ ਸਿਆਲਾਂ ਦੇ ਨੇੜੇ ਤੇੜੇ ਦਾ ਵਸਨੀਕ ਸੀ। ਕਿਉਂਕਿ ਕਿੱਸੇ ਵਿਚ ਅਕਬਰ ਦਾ ਵਰਨਣ ਨਾ ਤਾਂ ਤਖਤ ਹਜ਼ਾਰੇ 'ਚ ਆਇਆ ਹੈ ਅਤੇ ਨਾ ਹੀ ਖੇੜਿਆਂ ਵਿਚ।

## ਦਮੋਦਰ ਦੀ ਸਿੱਕ

ਨਾਉਂ ਦਮੋਦਰ ਜ਼ਾਤ ਗੁਲਾਟੀ,
ਆਇਆ ਸਿੱਕ ਸਿਆਲੀਂ ।੧।

ਦਮੋਦਰ ਦੇ ਜੀਵਨ ਸੰਬੰਧੀ ਸਵਾਇ ਕਿੱਸੇ ਦੇ ਸਾਡੇ ਕੋਲ ਹੋਰ ਕੋਈ ਸਾਧਨ ਨਹੀਂ। ਇਤਨਾ ਤਾਂ ਕਵੀ ਨੇ ਲਿਖ ਦਿੱਤਾ ਹੈ ਕਿ ਉਹ ਕਿਸੀ ਤਾਂਘ ਕਾਰਨ ਹੀ ਝੰਗ ਸਿਆਲ ਨੂੰ ਆਇਆ। ਆਇਆ ਕਿਥੋਂ ? ਇਸ ਬਾਰੇ ਕੁਝ ਪਤਾ ਨਹੀਂ ਲਗਦਾ। ਖਾਨਦਾਨੀ ਕਿਹੜਾ ਪੇਸ਼ਾ ਸੀ ? ਇਹ ਵੀ ਕੁਝ ਸੂ ਪਤਾ ਨਹੀਂ ਲਗ ਸਕਿਆ। ਕਵੀ ਨੇ ਆਪ ਇਹ ਕੁਝ ਲਿਖਿਆ ਹੈ :—

ਚੂਚਕ ਬਹੂੰ ਦਿਲਾਸਾ ਕੀਤਾ,
ਤਾਂ ਦਲਗੀਰੀ ਲਾਹੀ।
ਆਖ ਦਮੋਦਰ ਹੋਇਆ ਦਿਲਾਸਾ,
ਹੱਟੀ ਉਥੇ ਬਣਾਈ ।੨।

ਕਾਹਦੀ ਹੱਟੀ ? ਇਹੀ ਕਿਹਿਆ ਜਾ ਸਕਦਾ ਹੈ ਕਿ ਪਿੰਡ ਵਿਚ ਲੂਣ, ਤੇਲ ਆਦਿ ਦੀ ਹੱਟੀ ਬਣਾਈ ਹੋਣੀ ਏ । ਸਰ ਰਿਚਰਡ ਟੈਂਪਲ ਆਪ ਨੂੰ ਪਟਵਾਰੀ ਦਸ ਕੇ ਭੰਬਲ ਭੂਸੇ 'ਚ ਪਾ ਦੇਂਦਾ ਹੈ । ਕਿੱਸੇ ਵਿਚ ਤਾਂ ਕਿਧਰੇ ਐਸੀ ਝਾਤ ਪੈਂਦੀ ਨਹੀਂ ਅਤੇ ਹੋਰ ਕੋਈ ਵਸੀਲਾ ਨਹੀਂ ਪਤਾ ਕਰਨ ਦਾ । ਸ. ਸ. ਅਮੋਲ ਜੀ ਨੇ ਵੀ ਆਪਣੀ ਖੋਜ ਦੇ ਆਧਾਰ ਤੇ ਦਮੋਦਰ ਨੂੰ ਪਟਵਾਰੀ ਮੰਨ ਲਇਆ ਹੈ । ਕਵੀ ਪਹਿਲਾਂ ਹਟਵਾਣੀਆ ਤੇ ਕੁਝ ਸਮਾਂ ਮਗਰੋਂ (ਹੀਰ ਦੇ ਵਿਆਹੇ ਜਾਣ ਮਗਰੋਂ) ਪਟਵਾਰੀ ਬਣ ਗਇਆ । ਜਾਪਦੈ ਕਿ ਉਹਦੀ ਸਿੱਕ ਖਤਮ ਹੋ ਚੁੱਕੀ ਸੀ !

ਪੰਜਾਬੀ ਸਾਹਿਤ ਵਿਚ ਦਮੋਦਰ ਨੂੰ ਇਕ ਚੰਗਾ ਕਵੀ ਤੇ ਕਿੱਸਾ-ਕਾਵਿ ਦਾ ਮੋਢੀ ਮੰਨਿਆ ਗਇਆ ਹੈ । ਪਰ ਨਾਲ ਹੀ ਕਿੱਸੇ ਦੇ ਪਾਠ ਤੋਂ ਸਿਧ ਹੁੰਦਾ ਹੈ ਕਿ ਆਪ ਰਜ ਕੇ ਡਰਪੋਕ ਸੀ । ਜੱਟਾਂ 'ਚ ਰਹਿ ਕੇ ਵੀ ਜੱਟ ਨਹੀਂ ਸੀ ਬਣ ਸਕਿਆ । ਸਾਰੇ ਕਿੱਸੇ ਵਿਚ ਕਿਧਰੇ ਵੀ ਆਪਣੀ ਨਿਡਰਤਾ ਦੀ ਝਲਕ ਨਹੀਂ ਪਾ ਸਕਿਆ, ਸਗੋਂ ਡਰਾਕਲ-ਪੁਣੇ ਦਾ ਝਾਂਵਲਾ ਪ੍ਰਤੱਖ ਨਜ਼ਰੀਂ ਪੈਂਦਾ ਹੈ :—

> ਆਖ ਦਮੋਦਰ ਮੈਂ ਖੜਿਆਂ ਡਿੱਠਾ,
> ਜੋ ਸਿਰ ਸਲੇਟੀ ਦੇ ਆਈ । ੯੩੪ ।

ਕਵੀ ਨੂੰ ਚੂਚਕ ਦੇ ਖਾਧੇ ਦਾ ਵੀ ਖਿਆਲ ਨਾ ਆਇਆ । ਜਿਸ ਦੇ ਸਹਾਰੇ ਤੇ ਕਾਰੋਬਾਰ ਚਲਾਇਆ, ਉਹਦੀ ਧੀ ਨੂੰ ਹੀ ਕਸ਼ਟਾਂ 'ਚ ਵੇਖ ਕੇ ਵੀ ਆਪ ਕੁਰਬਾਨੀ ਨਾ ਦੇ ਸਕਿਆ, ਸਗੋਂ ਡਰਪੋਕਾਂ ਵਾਂਙ ਬੂਟਿਆਂ ਵਿਚ ਲੁੱਕਣ ਦਾ ਯਤਨ ਕਰਦਾ ਹੈ :—

> ਨਾਉਂ ਦਮੋਦਰ ਮੈਂ ਛਪ ਖਲੋਤਾ,
> ਜਿਥੇ ਦੁਇ ਬੂਟੇ ਤੇ ਇਕ ਕਾਹੀ । ੮੭੦ ।

ਦਮੋਦਰ ਨਿਕੇ ਜਿਹੇ ਤੇ ਕੋਮਲ ਜੇਰੇ ਦਾ ਮਾਲਕ ਇਕ ਵੱਡੀ ਚੀਜ਼ ਦੀ ਸਿੱਕ ਕਾਰਨ ਸਿਆਲਾਂ ਨੂੰ ਆਇਆ ਜਾਪਦੈ । ਵਾਰਸ ਸ਼ਾਹ ਕਹਿੰਦਾ ਹੈ ਕਿ ਹੀਰ ਦੀ ਖ਼ੂਬਸੂਰਤੀ ਦੀਆਂ ਧੁੰਮਾਂ ਚਾਰੇ ਪਾਸੀਂ ਪਈਆਂ ਹੋਈਆਂ ਸਨ ਤੇ ਧੀਦੋ ਨੂੰ ਭਾਬੀਆਂ ਹੀਰ ਵਿਆਹ ਲਿਆਉਣ ਦਾ ਤਾਹਨਾ ਦੇਂਦੀਆ ਹਨ । ਤਦ ਧੀਦੋ ਝੰਗ-ਸਿਆਲਾਂ ਨੂੰ ਹੀਰ ਨਾਲ ਪ੍ਰੇਮ ਕਰਨ ਆਇਆ । ਜਿਥੇ ਹੀਰ ਦੀ ਮਹਿਮਾ ਧੀਦੋ ਨੇ ਸੁਣੀ, ਉਥੇ ਹੋਰ ਵੀ ਕਈਆਂ ਸੁਣੀ ਹੋਵੇਗੀ ਤੇ ਹੀਰ ਨਾਲ ਇਸ਼ਕ ਕਮਾਉਣ ਝੰਗ-ਸਿਆਲਾਂ ਨੂੰ ਆਏ ਹੋਣਗੇ । ਮੇਰੀ ਜਾਚੇ ਕਵੀ ਹਿਰਦਾ ਰਖਣ ਵਾਲਾ ਦਮੋਦਰ ਵੀ ਉਨ੍ਹਾਂ ਵਿਚੋਂ ਇਕ ਹੋਣੈ । ਪਰ ਡਰਾਕਲ ਬਾਹਮਣ ਹੋਣ ਕਰ ਕੇ ਹੀਰ ਅਗੇ ਆਪਣਾ ਜਿਗਰਾ ਫੋਲਣ ਦਾ ਹੀਆ ਨਹੀਂ ਪਾ ਸਕਿਆ ਹੋਣਾ, ਸਗੋਂ ਉਲਟਾ ਉਹਦੇ ਪ੍ਰਭਾਵ ਹੇਠਾਂ ਦੱਬ ਗਇਆ ਤੇ ਉਹਨੂੰ ਬਜਾਇ ਵਾਰਸ ਵਾਂਙ ਇਸ਼ਕ 'ਚ ਭਰੀ ਜੱਟੀ ਦੀ ਥਾਂ ਬਹਾਦਰ ਜੱਟੀ ਦੱਸਣ ਲਗ ਪਇਆ :—

> ਕਟਕ ਸਮੇਤ ਫਿਰੇ ਵਿਚ ਝੱਲਾਂ,
> ਮਿਹਰੀ ਜ਼ਿਮੀਂ ਕੰਬਾਈ । ੩੯ ।

ਜਾਂ ਚਲੀ ਛੌਨੇ ਹਾਥੀ ਵਾਙੂ,
ਚਲੇ ਕਟਕ ਤਦਾਈਂ । ੫੨ ।

ਇਥੇ ਮੈਂ ਫ਼ਿਲਮ 'ਮਹਿਮਾਨ' ਦੀ ਕਹਾਣੀ ਦੀ ਇਕ ਛੋਟੀ ਜਿਹੀ ਉਦਾਹਰਣ ਦੇਣੀ ਚਾਹੁੰਦਾ ਹਾਂ, ਜਿਹੜੀ ਸ਼ਾਇਦ ਦਮੋਦਰ ਤੇ ਆ ਢੁਕੇ :—

……"ਪਿੰਡ ਦੇ ਚੌਧਰੀ ਦੀ ਧੀ ਨੂੰ ਬਾਗ਼ ਦਾ ਮਾਲੀ ਦਿਲੋਂ ਚਾਹੁੰਦਾ ਹੈ ਪਰ ਲੜਕੀ ਨੂੰ ਪਤਾ ਤਕ ਨਹੀਂ ਲਗਦਾ । ਮੁਟਿਆਰ ਨਿਤ ਸਵੇਰੇ ਬਾਗ਼ 'ਚ ਜਾ ਕੇ ਮਾਲੀ ਪਾਸੋਂ ਤਾਜ਼ੇ ਫੁੱਲਾਂ ਦਾ ਗਜਰਾ ਲੈ ਆਉਂਦੀ ਹੈ, ਜਿਹੜਾ ਉਸ ਪਹਿਲਾਂ ਹੀ ਬਣਾ ਕੇ ਰਖਿਆ ਹੁੰਦਾ ਹੈ ਤੇ ਮੁਰਝਾਇਆ ਹੋਇਆ ਗਜਰਾ ਉਥੇ ਹੀ ਸੁੱਟ ਆਉਂਦੀ ਹੈ । ਮਾਲੀ ਉਸ ਮੁਰਝਾਏ ਹੋਏ ਗਜਰੇ ਨੂੰ ਹੀ ਆਪਣੀ ਝੁੱਗੀ ਦਾ ਸ਼ਿੰਗਾਰ ਬਣਾ ਲੈਂਦਾ ਹੈ । ਚੌਧਰੀ ਦੀ ਧੀ ਦਾ ਪਿਆਰ ਕਿਸੀ ਹੋਰ ਮੁੰਡੇ ਨਾਲ ਪੈ ਜਾਂਦਾ ਹੈ । ਬਜਾਇ ਇਸ ਦੇ ਕਿ ਮਾਲੀ ਆਪਣੀ ਕਲਪਤ ਪ੍ਰੇਮਕਾ ਤੇ ਉਸ ਦੇ ਪ੍ਰੇਮੀ ਨੂੰ ਕਸ਼ਟ ਪਹੁੰਚਾਏ, ਸਗੋਂ ਉਹਨਾਂ ਦੀ ਹਰ ਔਕੜ ਵਿਚ ਸਹਾਇਤਾ ਕਰਦਾ ਹੈ । ਸਾਰੀ ਫਿਲਮ ਵਿਚ ਕਿਤੇ ਵੀ ਚੌਧਰੀ ਦੀ ਧੀ ਨੂੰ ਨਹੀਂ ਮਹਿਸੂਸ ਹੁੰਦਾ ਕਿ ਮਾਲੀ ਵੀ ਉਹਨੂੰ ਪਿਆਰ ਕਰਦਾ ਰਹਿਆ ਹੈ ।"

ਇਥੇ ਵੀ ਇਹੀ ਘਟਨਾ ਜਾਪਦੀ ਹੈ । ਦਮੋਦਰ ਕਿਥੇ ਵੀ ਰਞੇ ਦੇ ਰਾਹ 'ਚ ਰੋੜਾ ਨਹੀਂ ਬਣਿਆ । ਜੇ ਕੈਦੋਂ, ਚਾਕ ਤੇ ਹੀਰ ਦੇ ਰਿਸ਼ਤੇਦਾਰ ਹੀਰ-ਰਾਂਝੇ ਨਾਲ ਈਰਖਾ ਕਰਦੇ ਰਹੇ ਹਨ ਤਾਂ ਦਮੋਦਰ ਵੀ ਤਾਂ ਕਰ ਸਕਦਾ ਸੀ । ਹਕੀਕਤ ਤਾਂ ਇਉਂ ਜਾਪਦੀ ਹੈ ਕਿ ਦਮੋਦਰ ਦੀ ਸਿੱਕ ਪੂਰੀ ਨਾ ਹੋ ਸਕੀ, ਜਿਸ ਕਾਰਨ ਉਹ ਆਇਆ ਸੀ, ਫਿਰ ਵੀ ਉਹ ਦੋਹਾਂ ਦੇ ਪ੍ਰੇਮ-ਪੰਧ 'ਚ ਰੋੜਾ ਨਹੀਂ ਬਣਿਆ ।

ਵਾਰਸ ਸ਼ਾਹ ਨੂੰ ਭਾਗਭਰੀ ਦੇ ਇਸ਼ਕ ਨੇ ਬਹੁਤ ਕੁਝ ਸਿਖਾ ਦਿਤਾ ਸੀ ਤੇ ਜਦ ਉਹ ਹੀਰ-ਰਾਂਝੇ ਦਾ ਕਿੱਸਾ ਲਿਖਣ ਲਗਾ ਤਾਂ ਉਹਦੀਆਂ ਅਖਾਂ ਸਾਹਵੇਂ ਉਹੀ ਨਜ਼ਾਰੇ ਫਿਰ ਰਹੇ । ਇਸ ਲਈ ਵਾਰਸ ਦੀ ਹੀਰ ਇਸ਼ਕ ਦੀ ਭਰੀ ਹੋਈ ਜੱਟੀ ਹੈ ਤੇ ਦਮੋਦਰ ਦੀ ਹੀਰ ਬਹਾਦਰ । ਦਮੋਦਰ ਅਪਣੀ ਕਲਪਤ ਪ੍ਰੇਮਿਕਾ (ਹੀਰ) ਨੂੰ ਨਸ਼ਰ ਨਹੀਂ ਸੀ ਕਰਨਾ ਚਾਹੁੰਦਾ ਸਗੋਂ ਕਵੀ ਨੇ ਉਹਨੂੰ ਆਪਣੇ ਮੁਰਸ਼ਦ ਦੀ ਸੱਚੀ ਦਾਸੀ ਦਸਣ ਦਾ ਯਤਨ ਕੀਤਾ ਹੈ । ਦਮੋਦਰ ਦਾ ਸਾਰਾ ਜ਼ੋਰ ਰਾਂਝੇ ਤੇ ਪਇਆ ਹੈ, ਰਾਂਝੇ ਨੂੰ ਰਜ ਕੇ ਸੁਹਣਾ ਦਸਿਆ ਹੈ । ਰਾਂਝੇ ਉਤੇ ਭਰਜਾਈਆਂ, ਝਿਊਰੀ, ਰਸਤੇ 'ਚ ਆਏ ਪਿੰਡ ਦੀ ਤੀਵੀਂ, ਲੁੱਡਣ, ਹੱਸੀ ਆਦਿ ਕਈ ਮਿਹਰਬਾਨ ਹੋਏ ਦਸੇ ਹਨ । ਮੇਰੀ ਜਾਚੇ ਦਮੋਦਰ ਸਾਹਮਣੇ ਇਹੀ ਵਿਚਾਰ ਸਨ :—

"ਜੇ ਹੀਰ ਨੇ ਮੈਨੂੰ ਨਹੀਂ ਪਿਆਰਿਆ ਤਾਂ ਇਸ ਵਿਚ ਮੇਰਾ ਕੀ ਦੋਸ਼, ਉਹ ਮੇਰੇ ਅੰਦਰਲੇ ਨੂੰ ਨਹੀਂ ਭਾਂਪ ਸਕੀ । ਭਾਂਪਦੀ ਵੀ ਕਿਵੇਂ ਮੈਂ ਕੋਈ ਸੁਹਣਾ ਥੋੜਾ ਹੀ ਹਾਂ ਤੇ ਨਾ ਹੀ ਉਸ ਖਾਤਰ ਜਾਨ ਨਛਾਵਰ ਕਰ ਸਕਦਾ ਹਾਂ । ਜੇ ਉਹ ਮੇਰੇ

ਨੇੜੇ ਨਹੀਂ ਹੋਈ ਤਾਂ ਮੇਰਾ ਫਰਜ਼ ਨਹੀਂ ਬਣਦਾ ਕਿ ਉਹਨੂੰ ਬਦਨਾਮ ਕਰਾਂ, ਸਗੋਂ ਉਹਨੂੰ ਅਮਰ ਬਣਾਵਾਂਗਾ।"

ਦਮੋਦਰ ਹੀਰ-ਰਾਂਝੇ ਦੇ ਪ੍ਰੇਮ ਨੂੰ ਉੱਚ-ਪਦਵੀ ਦੇਂਦਾ ਹੈ। ਉਨ੍ਹਾਂ ਦੇ ਪ੍ਰੇਮ ਨੂੰ ਪੀਰ-ਮੁਰੀਦ ਦੇ ਪਿਆਰ ਨਾਲ ਹਲਾਉਣ ਦਾ ਯਤਨ ਕਰਦਾ ਹੈ :

ਨਾ ਕੋਈ ਆਖਹੁ 'ਹੀਰ' ਮੈਨੂੰ,
ਨਾ ਕੋਈ ਆਖ ਸਲੇਟੀ।
ਜਾਤ ਸਨਾਤ ਪਛਾਣੋਂ ਨਾਹੀਂ,
ਮੈਂ ਚਾਕੇ ਨਾਲ ਚਕੇਟੀ।
ਕਦੋਂ ਚੂਚਕ ਮਾਂ ਪਿਉ ਮੈਂਡਾ,
ਮੈਂ ਕਦਣ ਉਨ੍ਹਾਂ ਦੀ ਬੇਟੀ।
ਕਾਵਣ ਆਇ ਲਗੀ ਲੜ ਤੈਂਡੇ,
ਜੇ ਪਵਾਂ ਕਬੂਲ ਜਟੇਟੀ। ੨੨੮।

ਹੋਰ ਵੇਖੋ :—

ਅਸਾਂ ਕਾਮਲ ਮੁਰਸ਼ਦ ਪਾਇਆ,
ਕੁਝ ਲੁੜੀਂਦਾ ਨਾਹੀਂ।

... ... ...

ਆਖ ਦਮੋਦਰ ਮੈਂ ਹਾਝਣ ਦੀ,
ਉਹ ਮੇਰਾ ਸਿਰ ਸਾਈਂ। ੪੩੭।

ਸੋ 'ਸਿੱਕ' ਬਾਰੇ ਵਿਚਾਰ ਕੀਤਿਆਂ ਇਹੀ ਕਹਿਆ ਜਾ ਸਕਦਾ ਹੈ ਕਿ ਦਮੋਦਰ ਨੂੰ ਸਿਆਲਾਂ 'ਚ ਆਉਣ ਦੀ ਕੇਵਲ 'ਹੀਰ' ਦੀ ਹੀ 'ਸਿੱਕ' ਸੀ। ਦਮੋਦਰ ਨੇ ਨਾ ਕੇਵਲ ਹੀਰ-ਰਾਂਝੇ ਦਾ ਕਿੱਸਾ ਵੇਖਿਆ, ਸਗੋਂ ਹੀਰ ਦੇ ਨੇੜੇ ਹੋਣ ਨੂੰ ਵੀ ਲੋਚਿਆ ਹੈ। ਪਰ ਜੱਟੀ ਹੀਰ ਬਾਹਮਣ ਨੂੰ ਆਸ਼ਕ ਨਾ ਜਾਣ ਕੇ ਉਹਨੂੰ ਦਿਲ ਵਿਚ ਥਾਂ ਨਹੀਂ ਦੇ ਸਕੀ। ਦਮੋਦਰ ਵੀ ਮਾਯੂਸ ਨਹੀਂ ਹੋਇਆ। ਉਹ ਹੀਰ-ਰਾਂਝੇ ਨੂੰ ਕਲੋਲ ਕਰਦਿਆਂ ਵੇਖ ਕੇ 'ਕਿੱਸੇ' ਦਾ ਰੂਪ ਦੇਂਦਾ ਹੋਇਆ, ਹੀਰ ਦੀ ਬਹਾਦਰੀ ਨੂੰ ਜਤਲਾਂਦਾ ਹੋਇਆ ਤੇ ਰਾਂਝੇ ਨੂੰ ਹੁਸੀਨਾਂ ਦਾ ਸਰਦਾਰ ਦਸਦਾ ਹੋਇਆ ਆਪਣੇ ਉਬਾਲ ਨੂੰ ਠੰਡਾ ਕਰਦਾ ਰਹਿਆ ਹੈ।

——

ਐਸ. ਐਮ. ਸਿੰਘ—

# ਸਾਹਿਤ ਤੇ ਜੀਵਨ

ਜੀਵਨ ਕੀ ਹੈ ਤੇ ਕੀ ਨਹੀਂ, ਜਦੋਂ ਦਾ ਮਨੁਖ 'ਹੋਸ਼ਾਂ' ਵਿਚ ਆਇਆ ਹੈ, ਉਹ ਇਸ ਮਸਲੇ ਬਾਰੇ 'ਕਿਉਂ' ਤੇ 'ਕੀਕੂੰ' ਦੇ ਪ੍ਰਸ਼ਨਾਂ ਨੂੰ ਹਲ ਕਰਨ ਦਾ ਜਤਨ ਕਰ ਰਹਿਆ ਹੈ। ਵਖ ਵਖ ਧਰਮਾਂ ਨੇ 'ਜੀਵਨ ਕੀ ਹੈ' ਬਾਰੇ ਵਖ ਵਖ ਢੰਗਾਂ ਨਾਲ ਵਿਚਾਰ ਪ੍ਰਗਟਾਏ ਹਨ, ਠੀਕ ਹੈ, ਖਾਸ ਤਰ੍ਹਾਂ ਦੇ ਜੀਵਨ ਉਦੇਸ਼ ਨੂੰ ਇਹਨਾਂ ਧਰਮਾਂ ਨੇ ਮਿਥਿਆ, ਇਹ ਵੀ ਠੀਕ ਹੈ, ਤੇ ਇਸ ਉਦੇਸ਼ ਪ੍ਰਾਪਤੀ ਦੇ ਵਖ ਵਖ ਰਾਹ, ਵਖ ਵਖ ਸਾਧਨ ਵੀ ਨੀਯਤ ਕੀਤੇ, ਇਹ ਹੋਰ ਵੀ ਠੀਕ ਹੈ, ਦਰਸ਼ਨ ਦੇ ਖੇਤਰ ਵਿਚ ਜੀਵਨ ਕੀ ਹੈ ? ਇਕ ਮੁਖ ਵਿਸ਼ਾ ਬਣਿਆ ਰਹਿਆ ਹੈ, ਜੀਵਨ ਕੀ ਹੈ ? ਬਾਰ੍ਹੇ ਵਿਗਿਆਨ ਨੇ ਵੀ ਕਈ ਥਿਊਰੀਆਂ ਰਾਹੀਂ ਵਿਚਾਰ ਪ੍ਰਗਟਾਏ ਹਨ, ਜੀਵਨ ਨੂੰ ਇਕ ਹੋਂਦ-ਮਈ ਚੇਤੰਨ ਸਤਾ ਵਾਲੀ ਵਸਤੂ ਮੰਨਿਆ ਗਇਆ ਹੈ, ਜਿਸ ਵਿਚ ਮਨੁਖਾਂ ਤੋਂ ਛੁਟ ਪਸ਼ੂ ਪੰਛੀ ਵੀ ਸ਼ਾਮਲ ਹੋ ਜਾਂਦੇ ਹਨ।

ਪਰ ਜਦੋਂ ਅਸੀਂ ਸਾਹਿਤ ਤੇ ਜੀਵਨ ਦੀ ਸਮੱਸਿਆ ਨੂੰ ਵਿਚਾਰਨਾ ਹੋਵੇ ਤਾਂ ਨਾ ਤਾਂ ਅਸੀਂ ਜੀਵਨ ਤੋਂ ਬਿਲਕੁਲ ਉਹ ਭਾਵ ਲੈਣਾ ਹੈ ਜੋ ਧਾਰਮਕਾਂ ਅਤੇ ਅਧਿਆਤਮਵਾਦੀਆਂ ਨੇ ਲਇਆ ਹੈ ਅਤੇ ਨਾ ਹੀ ਬਿਲਕੁਲ ਉਹਨਾਂ ਦੇ ਮਿਥੇ ਜੀਵਨ ਉਦੇਸ਼ਾਂ ਤੋਂ ਹੀ ਸਾਡਾ ਭਾਵ ਹੋ ਸਕਦਾ ਹੈ ਅਤੇ ਇੰਜ ਹੀ ਦਾਰਸ਼ਕ ਦ੍ਰਿਸ਼ਟੀ ਤੋਂ ਜੀਵਨ ਦੀ ਕੀਤੀ ਗਈ ਪ੍ਰੀਭਾਸ਼ਾ ਨਾਲ ਵੀ ਸਾਡਾ ਬਹੁਤਾ ਸਬੰਧ ਨਹੀਂ। ਜੀਵਨ ਤੋਂ ਸਾਡਾ ਭਾਵ ਮਨੁਖਾ ਜੀਵਨ ਹੀ ਹੋ ਸਕਦਾ ਹੈ। ਜੇ ਸਾਹਿਤ ਮਨੁਖਾਂ ਦੀ ਹੀ ਉਪਜ ਹੈ ਤਾਂ ਤੇ ਸਾਹਿਤ ਹੈ ਹੀ ਮਨੁਖਾਂ ਤੋਂ ਉਪਜੀ ਵਸਤੂ, ਮਨੁਖ ਹੀ ਇਸ ਦੇ ਸਿਰਜਣਹਾਰੇ ਹਨ, ਪਸ਼ੂ ਪੰਛੀ ਆਦਿ ਨਹੀਂ। ਤੇ ਫੇਰ ਮਨੁਖਾ ਜੀਵਨ ਦੇ ਵੀ ਸੂਖਮਤਮ ਪਖ ਨਾਲ ਸਾਡਾ ਸਬੰਧ ਨਹੀਂ, ਸਗੋਂ ਸਥੂਲ ਨਾਲ ਹੈ, ਮਤਲਬ ਵਿਵਹਾਰਕ ਰੂਪ ਨਾਲ ਹੈ, ਮਨੁਖੀ ਜੀਉਣ ਢੰਗ ਨਾਲ ਹੈ, ਮਨੁਖ ਦੇ ਸਮਾਜਿਕ ਜੀਵਨ ਨਾਲ ਹੈ, ਮਨੁਖਤਾ ਦੇ ਆਦਿ ਤੋਂ ਲੈ ਕੇ ਅਜ ਤੀਕ ਦੇ ਕੀਤੇ ਵਿਕਾਸੀ ਜੀਵਨ ਨਾਲ ਹੈ—ਤੇ ਉਹ ਵੀ ਉਸ ਦੇ ਭਾਵਾਤਮਕ ਅਤੇ ਬੌਧਿਕ ਵਿਕਾਸ ਨਾਲ, ਕੇਵਲ ਬੌਧਿਕ ਵਿਕਾਸ ਨਾਲ ਨਹੀਂ।

ਤੇ ਸਾਹਿਤ ! ਸਾਹਿਤ ਜੀਵਨ ਵਿਚੋਂ ਹੀ ਪੈਦਾ ਹੁੰਦਾ ਹੈ, ਜੀਵਨ ਲਈ ਹੀ

ਰਚਿਆ ਜਾਂਦਾ ਹੈ, ਉਹਦਾ ਸਬੰਧ ਜੀਵਨ ਨਾਲ ਹੀ ਹੁੰਦਾ ਹੈ। ਜੀਵਨ ਤੋਂ ਉਸ ਨੂੰ ਨਖੇੜਿਆ ਨਹੀਂ ਜਾ ਸਕਦਾ। ਨਖੇੜਿਆ ਜਾ ਵੀ ਕਿਵੇਂ ਸਕਦਾ ਹੈ ? ਦਰਖਤਾਂ ਦੀਆਂ ਟਾਹਣੀਆਂ ਤੇ ਪਤਿਆਂ ਨੂੰ ਅਸੀਂ ਦਰਖਤਾਂ ਤੋਂ, ਜੋ ਉਹਨਾਂ ਦੇ ਜਨਮ-ਦਾਤੇ ਹਨ, ਨਹੀਂ ਨਖੇੜ ਸਕਦੇ। ਜੀਵਨ ਤੇ ਸਾਹਿਤ ਦਾ ਗੂੜ੍ਹਾ ਸਬੰਧ ਦੇਖ ਕੇ ਹੀ ਤਾਂ ਕਹਿਆ ਜਾਂਦਾ ਹੈ ਕਿ 'ਸਾਹਿਤ ਜੀਵਨ ਦਾ ਪ੍ਰਤੀਬਿੰਬ ਹੈ। ਕਿਤੇ ਇਹ ਜੀਵਨ ਦੀ ਡੰਗੋਰੀ ਬਣਦਾ ਹੈ, ਜੀਵਨ ਦਾ ਰਾਹ ਦਸੇਗਾ, ਕਿਤੇ ਜੀਵਨ ਦਾ ਸਹਾਰਾ, ਕਿਤੇ ਜੀਵਨ ਦਾ ਸ਼ੀਸ਼ਾ, ਕਿਤੇ ਇਹ ਜੀਵਨ ਦੀ ਵਿਆਖਿਆ ਅਖਵਾਉਂਦਾ ਹੈ, ਕਿਤੇ ਆਲੋਚਨਾ, ਕਿਤੇ ਇਹ ਜੀਵਨ ਦਾ ਨਿਰਮਾਤਾ ਹੈ, ਕਿਤੇ ਜੀਵਨ ਦੀ ਪ੍ਰਤੀਨਿਧਤਾ ਕਰਦਾ ਹੈ, ਕਿਤੇ ਇਹ ਜੀਵਨ ਦੀ ਪੁਨਰ ਉਸਾਰੀ ਕਰਦਾ ਹੈ, ਜੀਵਨ ਵਿਚੋਂ ਖੁਰਾਕ ਲੈ ਕੇ ਉਸੇ ਦੀ ਹੀ ਪਾਲਣਾ ਕਰਦਾ ਹੈ, ਜੀਵਨ ਵਿਚੋਂ ਪ੍ਰੇਰਤ ਹੋ ਕੇ ਉਸੇ ਨੂੰ ਹੀ ਪ੍ਰੇਰਦਾ ਹੈ, ਉਸ ਵਿਚੋਂ ਪਾਣੀ ਲੈ ਕੇ ਹੀ, ਉਸੇ ਨੂੰ ਹੀ ਸਿੰਜਰਦਾ ਹੈ। ਜਿਥੇ ਸਾਹਿਤ ਜੀਵਨ ਵਿਚੋਂ ਹੀ ਸਿਰਜਿਆ ਜਾਂਦਾ ਹੈ, ਉਥੇ ਉਹ ਜੀਵਨ ਦੀ ਵੀ ਸਿਰਜਨਾ ਕਰਦਾ ਹੈ। ਜੀਵਨ ਸਾਹਿਤ ਦੀ ਪਾਲਣਾ ਕਰਦਾ ਹੈ, ਖਾਧ ਖੁਰਾਕ ਦੇ ਕੇ, ਪਰ ਸਾਹਿਤ ਵੀ ਜੀਵਨ ਦਾ ਪਾਲਣਹਾਰ ਹੈ, ਉਸ ਨੂੰ ਉੱਨਤਸ਼ੀਲ ਬਣਾਂਦਾ ਹੈ।

ਪਰ ਜੇ ਸਾਹਿਤ ਜੀਵਨ ਵਿਚੋਂ ਹੀ ਪੈਦਾ ਹੁੰਦਾ ਹੈ, ਜੇ ਇਹ ਜੀਵਨ ਦਾ ਹੀ ਪ੍ਰਤੀਬਿੰਬ ਹੈ, ਉਸੇ ਦਾ ਹੀ ਝਲਕਾਰਾ ਦਿੰਦਾ ਹੈ, ਜੀਵਨ ਦਾ ਹੀ ਸ਼ੀਸ਼ਾ ਹੈ, ਤਾਂ ਫੇਰ ਜੀਵਨ ਕੋਲੋਂ ਇਹਦੀ ਕੀ ਵਿਸ਼ੇਸ਼ਤਾ ਹੋਈ ? ਜੇ ਇਹ ਜੀਵਨ ਦਾ ਹੀ ਬਿਆਨ ਹੈ, ਉਸੇ ਦਾ ਹੀ ਯਥਾਰਥੀ ਰੂਪ ਹੈ ਤਾਂ ਫੇਰ ਜੀਵਨ ਨਾਲੋਂ ਇਹ ਕੀ ਮਹੱਤਾ ਰਖਦਾ ਹੈ ? ਠੀਕ ਸਾਹਿਤ ਜੀਵਨ ਦਾ ਯਥਾਰਥੀ ਚਿਤਰ ਹੈ ਪਰ ਇਹ ਜੀਵਨ ਦੀ ਹੂਬਹੂਅਤਾ ਨਹੀਂ, ਜੀਵਨ ਦਾ ਕੈਮਰਾਈ ਫ਼ੋਟੋ ਨਹੀਂ ਹੈ, ਜੋ ਜੀਵਨ ਵਿਚ ਹੈ ਉਹੋ ਕੁਝ ਨਹੀਂ ਹੈ, ਸਗੋਂ ਸਾਹਿਤ ਤਾਂ ਜੀਵਨ ਦਾ ਆਦਰਸ਼ਕ ਰੂਪ ਪੇਸ਼ ਕਰਦਾ ਹੈ। ਫ਼ੋਟੋ ਨਹੀਂ, ਇਹ ਤਾਂ ਚਿਤਰ ਹੈ, ਚਿਤਰ। ਉਹ ਚਿਤਰ ਹੈ, ਜਿਸ ਵਿਚ ਚਿਤ੍ਰਕਾਰ ਦੀ ਆਪਣੀ ਸ਼ਖਸੀਅਤ, ਉਸ ਦੇ ਵਿਚਾਰ ਅਤੇ ਕਲਪਨਾ ਦਾ ਵੀ ਬਹੁਤ ਹਥ ਹੁੰਦਾ ਹੈ।

ਜਿਵੇਂ ਇਕ ਚਿਤ੍ਰ ਚਿਤ੍ਰਕਾਰ ਦੇ ਜਤਨਾਂ ਦਾ ਫਲ ਹੁੰਦਾ ਹੈ, ਉਸੇ ਤਰ੍ਹਾਂ ਹੀ ਕੋਈ ਵੀ ਸਾਹਿਤਕ ਟੁਕੜਾ ਕਿਸੇ ਵਿਅਕਤੀ ਸਾਹਿਤਕਾਰ ਦੀ ਹੀ ਉਪਜ ਹੋ ਸਕਦਾ ਹੈ। ਸਾਹਿਤ ਵਿਅਕਤੀਗਤ ਜਤਨਾਂ ਦੀ ਹੀ ਉਪਜ ਹੈ, ਪਰ ਕਿਉਂਕਿ ਹਰ ਵਿਅਕਤੀ ਕਿਸੇ ਖਾਸ ਸਮੇਂ, ਕਿਸੇ ਖਾਸ ਵਾਤਾਵਰਣ, ਕਿਸੇ ਖਾਸ ਸਮਾਜ ਵਿਚ ਰਹਿ ਰਹਿਆ ਹੁੰਦਾ ਹੈ, ਆਕਾਸ਼ਾਂ ਵਿਚ ਨਹੀਂ ਲਟਕ ਰਹਿਆ ਹੁੰਦਾ, ਉਸ ਦੇ ਪੈਰ ਕਿਸੇ ਧਰਤੀ ਤੇ ਟਿਕੇ ਹੁੰਦੇ ਹਨ, ਇਸ ਲਈ ਉਸ ਦੀ ਸਾਹਿਤਕ ਕ੍ਰਿਤ ਨੂੰ ਅਜਿਹੇ ਵਾਤਾਵਰਣ ਦੇ ਪ੍ਰਭਾਵ ਤੋਂ ਬੇਲਾਗ ਵੀ ਨਹੀਂ ਕਹਿਆ ਜਾ ਸਕਦਾ। ਤੇ ਜੇ ਸਾਹਿਤ ਕਿਸੇ ਖਾਸ ਦੇਸ਼ ਨਾਲ, ਸਮੇਂ ਸਮਾਜ ਨਾਲ ਅਵੱਸ਼ ਹੀ ਸਬੰਧਤ ਹੁੰਦਾ ਹੈ, ਤਾਂ ਇਹਦਾ ਇਹ

ਮਤਲਬ ਵੀ ਨਹੀਂ ਕਿ ਉਹ ਇਹਨਾਂ ਹਦ-ਬੰਦੀਆਂ ਨੂੰ ਤੋੜ ਨਹੀਂ ਸਕਦਾ। ਤੋੜ ਸਕਦਾ ਹੈ, ਪਰ ਕਿਸੇ ਖਾਸ ਹਾਲਤ ਵਿਚ ਉਦੋਂ ਜਦੋਂ ਉਹ ਮਨੁਖੀ ਭਾਵਾਂ ਨੂੰ, ਉਨ੍ਹਾਂ ਮਨੁਖੀ ਭਾਵਾਂ ਨੂੰ, ਜਿਹਨਾਂ ਸਾਹਮਣੇ ਦੇਸ਼ ਕਾਲ ਦੀ ਸੀਮਾਂ ਕੋਈ ਬਹੁਤਾ ਅਰਥ ਨਹੀਂ ਰਖਦੀ, ਉਲੀਕਦਾ ਹੈ। ਇੰਨਾ ਕੁਝ ਦੇ ਬਾਵਜੂਦ ਵੀ ਅਸਲੀਅਤ ਇਹੀ ਹੈ ਕਿ ਸਾਹਿਤ ਸਥਾਨਕ ਰੰਗਣ ਤੋਂ ਬਚ ਨਹੀਂ ਸਕਦਾ। ਇਸ ਲਈ ਸਾਹਿਤ ਜੀਵਨ ਜਿੰਨਾ ਵਿਸ਼ਾਲ ਹੁੰਦਾ ਹੋਇਆ ਵੀ ਇਸ ਦਾ ਇਕ ਭਾਗ ਹੁੰਦਾ ਹੈ। ਸਮੇਂ ਸਥਾਨ ਦੇ ਬੰਧਨਾਂ ਤੋਂ ਸੁਤੰਤਰ ਹੁੰਦਾ ਹੋਇਆ ਵੀ ਕੁਝ ਹਦ ਤਕ ਉਹ ਉਨ੍ਹਾਂ ਦਾ ਗੁਲਾਮ ਹੁੰਦਾ ਹੈ, ਉਹ 'ਕਮਲੀ' ਨੂੰ ਛਡਣਾ ਚਾਹੁੰਦਾ ਹੋਇਆ ਵੀ ਉਹਨੂੰ ਛੱਡ ਨਹੀਂ ਸਕਦਾ, ਇਹ ਇਕ ਪਰਮ ਸਚਾਈ ਹੈ। ਜੀਵਨ ਦੀ ਹੋਂਦ ਵਾਂਗ ਇਹ ਗਲ ਸਚ ਹੈ, ਸਦੀਵੀ ਹੈ ਤੇ ਜੀਵਨ ਨਾਲ ਸਾਹਿਤ ਦਾ ਅਜਿਹਾ ਸਬੰਧ ਉਦੋਂ ਤਕ ਜ਼ਰੂਰ ਬਣਿਆ ਰਹੇਗਾ, ਜਦ ਤਕ ਮਨੁਖ ਦਾ ਉਸ ਦੇ ਸਾਮਾਜਿਕ ਜੀਵਨ ਨਾਲ। ਨਾ ਹੀ ਮਨੁਖ ਨੂੰ ਉਸ ਦੇ ਸਮਾਜ ਤੋਂ ਅੱਡ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਾਹਿਤ ਨੂੰ ਜੀਵਨ ਤੋਂ।

ਸਾਹਿਤ ਕਿਉਂਕਿ ਮਨੁਖਾ ਜੀਵਨ ਨਾਲ ਸਬੰਧਤ ਹੈ, ਇਸ ਲਈ ਉਹ ਮਨੁਖਤਾ ਦੇ ਜੀਵਨ-ਮਈ ਵਿਕਾਸ ਨਾਲ ਵਿਕਾਸ ਕਰਦਾ ਹੈ। ਉਹ ਮਨੁਖਤਾ ਦੇ ਭਾਵਕ ਅਤੇ ਬੌਧਿਕ ਜੀਵਨ ਦਾ ਲੇਖਾ ਪਤਾ (Record) ਹੈ, ਇਤਿਹਾਸ ਹੈ। ਮਨੁਖਤਾ ਦੇ ਸਾਮਾਜਿਕ ਜੀਵਨ ਤੇ ਇਕ ਸਰਸਰੀ ਜਿਹੀ ਨਜ਼ਰ ਮਾਰਿਆਂ ਇਹ ਗਲ ਬਿਲਕੁਲ ਸਪਸ਼ਟ ਹੋ ਸਕਦੀ ਹੈ।

ਅਸੀਂ ਭਲੀ ਭਾਂਤ ਜਾਣਦੇ ਹਾਂ ਕਿ ਮਨੁਖ ਆਪਣੇ ਆਦਿ ਕਾਲ ਵਿਚ ਇਕ ਅਸੱਭ ਅਤੇ ਜਾਂਗਲੀ ਅਵਸਥਾ ਵਿਚ ਰਹਿੰਦਾ ਸੀ। ਆਦਿ ਕਾਲੀਨ ਮਨੁਖ ਗਰੋਹਾਂ ਵਿਚ ਹੀ ਘੁੰਮਿਆਂ ਫਿਰਦੇ ਸਨ ਅਤੇ ਉਨ੍ਹਾਂ ਦਾ ਇਕੋ ਇਕ ਉਦੇਸ਼ ਸੀ-ਪੇਟ ਪੂਜਾ—ਉਦਰ ਪੂਰਤੀ ਜਿਸ ਦਾ ਢੰਗ ਉਨ੍ਹਾਂ ਨੇ ਜਾਨਵਰਾਂ ਦੇ ਸ਼ਿਕਾਰ ਨੂੰ ਹੀ ਬਣਾਇਆ ਹੋਇਆ ਸੀ। ਤੇ ਫੇਰ ਸ਼ਿਕਾਰ ਵਿਚ ਪਕੜੇ ਹੋਏ ਜਾਨਵਰਾਂ ਦੀ ਗਿਣਤੀ ਲੋੜੋਂ ਵਧੀਕ ਹੋਣ ਲਗ ਪਈ, ਤੇ ਉਹਨਾਂ ਨੂੰ ਬੰਨ੍ਹ ਕੇ ਰਖਣ ਦਾ ਵਿਚਾਰ ਫੁਰਿਆ। ਇਸ ਦੇ ਲਾਭ ਦਾ ਪਤਾ ਉਹਨਾਂ ਨੂੰ ਭੁਖ ਲਗਣ ਤੇ ਸਪਸ਼ਟ ਭਾਂਤ ਲੱਗ ਗਇਆ ਅਤੇ ਇਥੋਂ ਹੀ ਉਹਨਾਂ ਦੇ ਪਸ਼ੂ ਪਾਲਣ ਦੇ ਪ੍ਰਬੰਧ ਦੀ ਉਤਪਤੀ ਹੋਈ ਮੰਨੀ ਜਾ ਸਕਦੀ ਹੈ। ਹੌਲੀ ਹੌਲੀ ਉਹ ਪਸ਼ੂ ਪਾਲਣ ਦੇ ਲਾਭਾਂ ਤੋਂ ਜਾਣੂ ਹੋਣ ਲਗ ਪਏ ਅਤੇ ਉਨ੍ਹਾਂ ਦੇ ਚਾਰੇ ਆਦਿ ਦਾ ਪ੍ਰਬੰਧ ਕਰਨ ਲਈ ਤਤਪਰ ਹੋਣ ਲਗ ਪਏ। ਇਸ ਦੇ ਨਾਲ ਹੀ ਪਸ਼ੂਆਂ ਨੂੰ ਨਾਲ ਨਾਲ ਲਈ ਫਿਰਨ ਵਿਚ ਉਹਨਾਂ ਨੂੰ ਕਈ ਤਰ੍ਹਾਂ ਦੀਆਂ ਤਕਲੀਫਾਂ ਦਾ ਸਾਹਮਣਾ ਕਰਨਾ ਪਇਆ। ਇਸ ਲਈ ਉਹ ਇਕੋ ਥਾਂ ਤੇ ਰਹਿ ਕੇ ਜੀਵਨ ਦਾ ਨਿਰਵਾਹ ਕਰਨ ਦੀ ਸੋਚਣ ਲਗ ਪਏ ਤੇ ਹੁਣ ਖੇਤੀ ਬਾੜੀ ਵਲ ਉਨ੍ਹਾਂ ਦਾ ਝੁਕਾ ਹੋ ਗਇਆ, ਪਿੰਡ ਵਸਣ ਲਗ ਪਏ, ਪਸ਼ੂਆਂ ਅਤੇ ਧਰਤੀਆਂ ਦੇ ਟੁਕੜਿਆਂ ਤੇ ਅਧਿਕਾਰ ਦੀ ਚਰਚਾ ਛਿੜ ਪਈ। ਲੋਹਾਰਾਂ, ਤਰਖਾਣਾਂ ਆਦਿ ਦੀਆਂ ਵਖ

ਵਖ ਸ਼੍ਰੇਣੀਆਂ ਬਣ ਗਈਆਂ। ਆਪਸੀ ਲੈਣ ਦੇਣ ਆਰੰਭ ਹੋ ਗਇਆ। ਇਕ ਚੀਜ਼ ਲੈ ਕੇ ਦੂਜੀ ਦੇਣ ਦਾ ਰਿਵਾਜ ਪੈ ਗਇਆ। ਇਥੇ ਹੀ ਮਾਨੋ ਵਪਾਰਕ ਦੀ ਨੀਂਹ ਪਈ। ਹੌਲੀ ਹੌਲੀ ਇਹਨਾਂ ਪਿੰਡਾਂ ਦੇ ਮਾਲਕ ਪੈਦਾ ਹੋਣ ਲਗ ਪਏ, ਜਿਨ੍ਹਾਂ ਨੂੰ ਆਪਣੇ ਅਧਿਕਾਰ ਵਧਾਉਣ, ਧਨ ਦੌਲਤ ਵਿਚ ਵਾਧਾ ਕਰਨ ਅਤੇ ਆਪਣੇ ਬਹੂ ਬਲ ਨੂੰ ਵਧੇਰੇ ਸ਼ਕਤੀ-ਸ਼ਾਲੀ ਬਣਾਉਣ ਦੀ ਲਾਲਸਾ ਉਪਜੀ। ਭਾਵ ਇਹ ਕਿ ਲੋੜ ਅਨੁਸਾਰ ਮਨੁਖ ਦੇ ਰਹਿਣ ਸਹਿਣ ਵਿਚ, ਭਾਵਾਂ ਵਿਚਾਰਾਂ ਵਿਚ ਤਬਦੀਲੀ ਆਉਣ ਲਗ ਪਈ। ਜੋ ਸਾਮਾਜਿਕ ਜੀਵਨ ਪਹਿਲਾਂ ਸੀ, ਉਹ ਹੁਣ ਨਾ ਰਹਿਆ। ਹੁਣ ਉਸ ਦਾ ਰੂਪ ਹੀ ਬਦਲ ਗਇਆ। ਜਦ ਕਦੇ ਵੀ ਕਿਸੇ ਵਸਤੂ ਦੀ ਲੋੜ ਪੈਂਦੀ ਹੈ, ਕੋਈ ਸਮੱਸਿਆ ਸਾਹਮਣੇ ਆ ਜਾਂਦੀ ਹੈ, ਤਾਂ ਦਿਮਾਗ਼ ਨੂੰ ਉਸ ਦਾ ਹੱਲ ਲੱਭਣ ਲਈ ਕੁਝ ਜਤਨ ਕਰਨਾ ਪੈਂਦਾ ਹੈ। ਇੰਜ ਸਾਮਾਜਿਕ ਜੀਵਨ ਦੇ ਵਿਕਾਸ ਦੇ ਨਾਲ ਨਾਲ ਦਿਮਾਗ਼ੀ ਸ਼ਕਤੀ ਦਾ ਵੀ ਵਿਕਾਸ ਹੋਣ ਲਗ ਪੈਂਦਾ ਹੈ। ਸਾਮਾਜਿਕ ਤਬਦੀਲੀ ਨੂੰ ਅਸੀਂ ਅਸੱਭਤਾ ਦੀ ਹਾਲਤ ਵਿਚੋਂ ਸੱਭਤਾ ਦੀ ਹਾਲਤ ਵਿਚ ਜਾਣਾ ਆਖ ਸਕਦੇ ਹਾਂ ਤੇ ਸਭਤਾ ਦੀ ਪ੍ਰਾਪਤੀ ਬਿਨਾਂ ਦਿਮਾਗ ਦੇ ਵਿਕਸਤ ਹੋਣ ਦੇ ਸੰਭਵ ਹੀ ਨਹੀਂ। ਇਉਂ ਕਹਿ ਲਵੋ ਕਿ ਸੱਭਤਾ ਦੀ ਉੱਨਤੀ ਅਤੇ ਦਿਮਾਗ਼ ਦੀ ਉੱਨਤੀ ਨਾਲੋ ਨਾਲ ਚਲਦੀਆਂ ਹਨ। ਦੋਹਾਂ ਦਾ ਬੜਾ ਡੂੰਘਾ ਸੰਬੰਧ ਹੈ, ਇਕ ਦਾ ਦੂਜੇ ਤੋਂ ਬਿਨਾਂ ਅਗਾਂਹ ਵਧ ਜਾਣਾ ਜਾਂ ਪਿਛਾਂਹ ਰਹਿ ਜਾਣਾ ਅਸੰਭਵ ਹੈ। ਜੀਵਨ ਦੇ ਵਿਕਾਸ ਨਾਲ ਦਿਮਾਗ਼ ਦਾ ਵਿਕਾਸ ਹੁੰਦਾ ਹੈ ਅਤੇ ਦਿਮਾਗ ਦੇ ਵਿਕਸਤ ਹੋਣ ਨਾਲ ਸਾਹਿਤ ਦਾ। ਇੰਜ ਸਾਹਿਤ ਅਤੇ ਜੀਵਨ ਦਾ ਆਪਸੀ ਸੰਬੰਧ ਸਪਸ਼ਟ ਹੋ ਜਾਂਦਾ ਹੈ।

ਜਿਵੇਂ ਭੌਤਕ ਸਰੀਰ ਦੀ ਉੱਨਤੀ ਦਾ ਆਧਾਰ ਹੈ ਪ੍ਰਕਾਸ਼, ਜਲ, ਹਵਾ ਆਦਿ ਦੀ ਉਪਯੋਗਤਾ ਜਾਂ ਅਨੁਕੂਲਤਾ. ਇਸੇ ਤਰ੍ਹਾਂ ਹੀ ਸਮਾਜਕ-ਬੁਧੀ ਦਾ ਬਣਨਾ ਵਿਗੜਨਾ ਆਧਾਰਿਤ ਹੈ, ਸਾਹਿਤ ਦੀ ਅਨੁਕੂਲਤਾ ਤੇ। ਅਰਥਾਤ ਬੁਧੀ ਦੇ ਵਿਕਾਸ ਅਤੇ ਵਾਧੇ ਦਾ ਸਾਧਨ ਹੈ ਸਾਹਿਤ।

ਮਨੁਖਤਾ ਦੇ ਜੀਵਨ-ਮਈ ਵਿਕਾਸ ਅਤੇ ਇਸ ਰਾਹੀਂ ਅਜ ਤਕ ਰਚੇ ਗਏ ਸਾਹਿਤ ਦੇ ਇਤਿਹਾਸ ਨੂੰ ਜੇ ਅਸੀਂ ਇਕ ਖਾਸ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਜੀਵਨ ਤੇ ਸਾਹਿਤ ਦਾ ਸਬੰਧ ਹੋਰ ਵੀ ਸਪਸ਼ਟ ਹੋ ਜਾਂਦਾ ਹੈ। ਧਰਤੀ ਦੀ ਜਿਸ ਜਿਸ ਟੁਕੜੀ ਤੇ ਮਨੁਖਤਾ ਜਿਹੋ ਜਿਹਾ ਜੀਵਨ ਬਿਤਾਂਦੀ ਰਹੀ, ਉਹੋ ਜਿਹਾ ਸਾਹਿਤ ਵੀ ਉਪਜਦਾ ਰਹਿਆ। ਆਦਿ ਕਾਲੀਨ ਮਨੁਖ ਕੁਦਰਤ ਵਿਚ ਵਿਚਰਦਾ ਰਹਿਆ, ਉਹਦਾ ਜੰਮਣ, ਪਲਣ, ਮਰਣ ਸਭ ਕੁਝ ਕੁਦਰਤ ਦੀ ਗੋਦੀ ਵਿਚ ਹੀ ਹੁੰਦਾ ਸੀ। ਕੁਦਰਤ ਦੀਆਂ ਸ਼ਕਤੀਆਂ ਤੋਂ ਹੌਲੀ ਹੌਲੀ ਮਨੁਖ ਜਾਣੂ ਹੋਇਆ— ਉਸ ਨੂੰ ਕੁਦਰਤ ਦੀਆਂ ਵਿਕਰਾਲ ਸ਼ਕਤੀਆਂ ਦਾ ਅਨੁਭਵ ਹੋਇਆ। ਇਸ ਵਿਕਰਾਲਤਾ ਤੋਂ ਬਚਣ ਦਾ ਇਕ ਢੰਗ ਉਸ ਕਢ ਲਇਆ। ਕਢਣਾ ਹੀ ਸੀ। ਜ਼ਰੂਰਤ ਈਜਾਦ ਦੀ ਮਾਂ ਨਹੀਂ ? ਉਹ ਢੰਗ ਸੀ

ਇਹਨਾਂ ਸ਼ਕਤੀਆਂ ਦੀ ਪੂਜਾ, ਇਹਨਾਂ ਦੀ ਅਰਾਧਨਾ। ਤੇ ਮਨੁਖ ਦੇ ਧਾਰਮਕ ਜਜ਼ਬੇ ਇਹਨਾਂ ਵਿਕਰਾਲ ਸ਼ਕਤੀਆਂ ਨਾਲ ਸਾਂਝੇ ਹੋ ਗਏ। ਮਨੁਖਤਾ ਦਾ ਮੁਢਲਾ ਸਾਹਿਤ ਹਰ ਦੇਸ਼, ਹਰ ਕੌਮ ਵਿਚ ਇਸੇ ਕੁਦਰਤ ਅਨੁਭਵ ਦੀ ਹੀ ਉਪਜ ਹੈ। ਵਿਕਰਾਲ ਸ਼ਕਤੀਆਂ ਨੂੰ ਵਖ ਵਖ ਨਾਂ ਦਿਤੇ ਗਏ, ਕਈ ਦੇਵਤੇ ਘੜੇ ਮਿਥੇ ਗਏ ਤੇ ਇਹੀ ਮੁਢਲੇ ਸਾਹਿਤ ਦਾ ਵਿਸ਼ਾ ਵਸਤੂ ਬਣੇ। ਫੇਰ ਮਨੁਖਤਾ ਵਿਕਾਸ ਕਰਦੀ ਕਰਦੀ ਕਬੀਲਿਆਂ ਦਾ ਜੀਵਨ ਜੀਊਣ ਲਗ ਪਈ, ਤੇ ਫੇਰ ਜਾਗੀਰਦਾਰੀ ਪ੍ਰਬੰਧ ਹੇਠ ਵੀ ਅਸੀਂ ਅਜਿਹੇ ਸਮਾਜਕ ਪ੍ਰਬੰਧ ਤੋਂ ਉਪਜੇ ਸਾਹਿਤ ਵਿਚ ਜਾਗੀਰਦਾਰੀ ਰੁਚੀਆਂ ਦਾ ਪ੍ਰਗਟਾਵਾ ਵੇਖਦੇ ਹਾਂ। ਤੇ ਫੇਰ ਵਿਗਿਆਨ ਦਾ ਯੁਗ ਆ ਗਇਆ। ਵਿਗਿਆਨ ਦੀ ਉਨਤੀ ਨਾਲ ਜਾਗੀਰਦਾਰੀ ਪ੍ਰਥਾ ਖਤਮ ਹੁੰਦੀ ਗਈ ਅਤੇ ਪੂੰਜੀਵਾਦੀ ਸਮਾਜਕ-ਪ੍ਰਬੰਧ ਹੋਂਦ ਵਿਚ ਆਉਣ ਲਗ ਪਇਆ—ਇਸ ਸਮੇਂ ਦੇ ਮਨੁਖੀ ਜੀਵਨ ਦਾ ਝਲਕਾਰਾ ਇਸ ਸਮੇਂ ਦੇ ਸਾਹਿਤ ਵਿਚ ਵਜਦਾ ਹੈ। ਅਜਿਹੇ ਸਮਾਜਕ ਪ੍ਰਬੰਧ ਵਿਚ ਜੀਵਨ ਹੋਰ ਜਟਲ ਹੁੰਦਾ ਗਇਆ। ਜੀਵਨ ਦੀਆਂ ਜਟਲਤਾਵਾਂ, ਗੁੰਝਲਾਂ, ਸਮੱਸਿਆਵਾਂ ਦੇ ਨਾਲ ਨਾਲ ਸਾਹਿਤ ਵੀ ਸਮਾਜਕ ਸਮੱਸਿਆਤਮਕ ਬਣ ਗਇਆ। ਅਜੋਕੇ ਯੁਗ ਵਿਚ ਮਨੁਖੀ ਜੀਵਨ ਦੇ ਆਂਤਰਿਕ ਅਤੇ ਬਾਹਰੀ ਜੀਵਨ ਵਿਚ ਅਨੇਕਾਂ ਪ੍ਰਵਿਰਤੀਆਂ ਦਾ ਗੁਥਲ-ਮੁਥਲ ਹੋਇਆ ਪਇਆ ਹੈ। ਪਰ ਇਕ ਗਲ ਸਪਸ਼ਟ ਵਿਖਾਈ ਦਿੰਦੀ ਹੈ ਤੇ ਉਹ ਹੈ ਦੋ ਵਿਰੋਧੀ ਵਿਚਾਰ ਧਾਰਾਵਾਂ ਦਾ ਸੰਘਰਸ਼।

ਫਲਸਫੇ ਦੇ ਖੇਤਰ ਵਿਚ ਇਹ ਵਿਚਾਰ-ਧਾਰਾਵਾਂ ਹਨ — ਆਦਰਸ਼ਵਾਦ ਅਤੇ ਭੌਤਕਵਾਦ ਜਾਂ ਪਦਾਰਥਵਾਦ, ਅਤੇ ਰਾਜਨੀਤੀ ਦੇ ਖੇਤਰ ਵਿਚ ਇਹ ਹਨ—ਲੋਕ-ਤੰਤਰਵਾਦ ਅਤੇ ਸਾਮਵਾਦ। ਆਰਥਕ ਅਤੇ ਸਮਾਜਕ ਖੇਤਰਾਂ ਵਿੱਚ ਅਗੋਂ ਉਹਨਾਂ ਦੀਆਂ ਕਈ ਸ਼ਾਖਾਵਾਂ ਫੁਟਦੀਆਂ ਹਨ। ਇਸ ਤਰ੍ਹਾਂ ਦੇ ਅਜੋਕੇ ਜੀਵਨ ਅਤੇ ਇਸ ਦੀਆਂ ਵਿਰੋਧਾਤਮਕ ਵਿਚਾਰ-ਧਾਰਾਵਾਂ ਨੇ, ਅਜੋਕੇ ਸਾਹਿਤ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

ਇਕ ਪਾਸੇ ਆਦਰਸ਼ਵਾਦ ਅਨੁਸਾਰ—ਜੋ ਕਿ ਇਕ ਧਾਰਮਕ ਦਰਸ਼ਨ ਹੈ—ਜਗਤ ਉਤਪਤੀ ਦਾ ਆਧਾਰ ਇਕ ਚੇਤਨ ਸਤਾ ਨੂੰ ਮੰਨਿਆ ਜਾਂਦਾ ਹੈ। ਇਹ ਚੇਤਨ ਸਤਾ ਧਾਰਮਕਾਂ ਦੀ ਸ਼ਬਦਾਵਲੀ ਵਿਚ ਈਸ਼ਵਰ, ਅਧਿਆਤਮਵਾਦੀਆਂ ਦੀ ਸ਼ਬਦਾਵਲੀ ਵਿਚ ਬ੍ਰਹਮ ਜਾਂ ਆਤਮਾ, ਅਤੇ ਦਾਰਸ਼ਨਿਕਾਂ ਦੀ ਸ਼ਬਦਾਵਲੀ ਸਤ ਕਹੀ ਜਾਂਦੀ ਹੈ। ਆਦਰਸ਼ਵਾਦ ਅਨੁਸਾਰ ਆਤਮਕ ਜੀਵਨ ਹੀ ਸਭ ਕੁਝ ਹੈ—ਇਸ ਦੀ ਪ੍ਰਾਪਤੀ ਹੀ ਜੀਵਨ ਦਾ ਉਦੇਸ਼ ਹੈ। ਭੌਤਕ ਜੀਵਨ ਤਾਂ ਇਕ ਸਾਧਨ ਮਾਤਰ ਹੈ, ਆਤਮਕ ਜੀਵਨ ਦੀ ਪ੍ਰਾਪਤੀ ਦਾ।

ਪਰ ਦੂਜੇ ਪਾਸੇ ਆਦਰਸ਼ਵਾਦ ਦੇ ਉਲਟ ਭੌਤਕਵਾਦ ਜਾਂ ਦ੍ਵੰਦਾਤਮਿਕ

(ਬਾਕੀ ਵੇਖੋ ਸਫਾ ੪੬)

ਕੁਲਬੀਰ ਸਿੰਘ ਕਾਂਗ—

# ਇਕ ਲੋਕ-ਕਵੀ ਸਹਿਰਾਈ

ਪੰਜਾਬੀ-ਸਾਹਿਤ ਇਕ ਲੋਕ-ਸਾਹਿਤ ਹੈ ਤੇ ਅਗਰਗਾਮੀ ਕਿਰਦਾਰ ਸਦੀਆਂ ਤੋਂ ਸਾਡੀ ਪਰੰਪਰਾ ਦਾ ਅੰਗ ਹੈ। ਹਰ ਸਾਹਿਤ ਦੀ ਆਪਣੀ ਆਪਣੀ ਆਤਮਾ ਹੁੰਦੀ ਹੈ, ਕੁਛ ਵਿਲੱਖਣਤਾ ਹੁੰਦੀ ਹੈ। ਪੰਜਾਬੀ ਕਾਵਿ ਦੀ ਆਤਮਾ ਹੈ, ਸਮੇਂ ਦੀਆਂ ਕੀਮਤਾਂ ਦਾ ਆਲੋਚਨਾਤਮਕ ਪ੍ਰੀਖਣ ਕਰਨਾ ਤੇ ਆਗਾਮੀ ਮਹਾਨ ਕੀਮਤਾਂ ਦਾ ਸੰਚਾਰ ਕਰਨਾ। ਸਦੀਆਂ ਤੋਂ ਪੰਜਾਬੀ ਸਾਹਿਤਕਾਰ ਇਸ ਪਰੰਪਰਾ ਨੂੰ ਕਾਇਮ ਰਖਦੇ ਆ ਰਹੇ ਹਨ। ਆਧੁਨਿਕ ਪੰਜਾਬੀ ਕਵੀਆਂ ਨੇ ਇਸ ਵਿਰਸੇ ਵਿਚ ਮਿਲੇ ਸੁਭਾ ਨੂੰ ਕਾਇਮ ਰਖਿਆ ਹੈ ਤੇ ਇਸ ਖੇਤਰ ਵਿਚ ਹੋਰ ਵੀ ਨਿਗਰ ਹਿੱਸਾ ਪਾਇਆ ਹੈ, ਉਨ੍ਹਾਂ ਪ੍ਰਮੁਖ ਕਵੀਆਂ ਵਿਚੋਂ ਹੈ। ਸ਼ਹਿਰਾਈ ਜਿਸ ਦੀਆਂ ਕਵਿਤਾਵਾਂ ਤੇ ਮਧੁਰ ਗੀਤਾਂ ਦੇ ਇਕ ਇਕ ਬੋਲ ਵਿਚ ਨਵ-ਯੁਗ ਚੇਤਨਾ ਦਾ ਸੁਨੇਹਾ ਹੈ। ਇਸ ਦੇ ਕਮਜ਼ੋਰ ਹਥਾਂ ਵਿਚਲੀ ਕਲਮ ਬਲਵਾਨ ਸ਼ਕਤੀ ਹੈ, ਜੋ ਅਜ ਨੂੰ ਝੰਜੋੜਦੀ ਤੇ ਕਲ੍ਹ ਨੂੰ ਚਿਤਰਦੀ ਹੈ।

ਕਵਿਤਾ ਆਤਮ-ਪ੍ਰੇਰਨਾ ਵਿਚੋਂ ਪੈਦਾ ਹੋਇਆ ਇਕ ਬਲਵਾਨ ਆਵੇਸ਼ ਹੈ, ਤਾਂ ਹੀ ਇਹ ਸੁੰਦਰ ਕਲਾ ਦਾ ਰੂਪ ਧਾਰਣ ਕਰਦੀ ਹੈ। ਇਹ ਕੋਈ ਰਬੀ-ਆਵੇਸ਼ ਨਹੀਂ ਤੇ ਨਾ ਹੀ 'ਉਸ' ਦੇ ਹੁਕਮ ਨਾਲ ਨਾਜ਼ਲ ਹੁੰਦੀ ਹੈ, ਸਗੋਂ ਹਰ ਕਵਿਤਾ ਦਾ ਕੋਈ ਨਾ ਕੋਈ ਪ੍ਰੇਰਨਾ-ਸ੍ਰੋਤ ਹੁੰਦਾ ਹੈ। ਬਿਨਾਂ ਦਿਲੀ-ਹੂਕ ਦੇ ਜੋ ਕਵਿਤਾ ਲਿਖੀ ਜਾਂਦੀ ਹੈ ਉਸ ਵਿਚ ਕਵੀ ਦਾ ਆਤਮ-ਪ੍ਰਤੀਬਿੰਬ ਨਹੀਂ ਹੁੰਦਾ। ਉਹ ਕਵਿਤਾ ਜ਼ਰੂਰ ਬਣ ਜਾਂਦੀ ਹੈ, ਪਰ ਉਸ ਵਿਚ ਟੁੰਬ ਜਗਾਉਣ ਦੀ ਸ਼ਕਤੀ ਨਹੀਂ ਹੁੰਦੀ। ਬਹੁਤੇ ਅਜੋਕੇ ਕਵੀ ਬਿਨਾਂ ਆਤਮ-ਪ੍ਰੇਰਣਾ ਦੇ ਹੀ ਕਵਿਤਾ ਲਿਖਦੇ ਹਨ, ਤਦੇ ਹੀ ਉਨ੍ਹਾਂ ਵਿਚ ਜਿੰਦ ਜਾਨ ਨਹੀਂ ਹੁੰਦੀ। ਸਹਿਰਾਈ ਅਜਿਹੇ ਕਵੀਆਂ ਵਿਚੋਂ ਨਹੀਂ, ਉਹ ਪਹਿਲਾਂ ਅਨੁਭਵ ਕਰਦਾ ਹੈ, ਫਿਰ ਕਲਪਣਾ ਦਾ ਸਹਾਰਾ ਲੈ, ਬੁੱਧੀ ਤੇ ਜਜ਼ਬਿਆਂ ਦੇ ਰਲਵੇਂ ਮਿਲਵੇਂ ਆਵੇਸ਼ ਵਾਲੀ ਕਵਿਤਾ ਰਚਦਾ ਹੈ। ਉਹ ਆਪਣੀ ਕਾਵਿ-ਪ੍ਰੇਰਣਾ ਦੇ ਸੋਮੇ ਕਿਸੇ ਅਦਿਸਵੇਂ ਵਾਤਾਵਰਣ ਵਿਚੋਂ ਨਹੀਂ, ਸਗੋਂ ਆਪਣੇ ਹੀ ਚੌਗਿਰਦੇ ਵਿਚੋਂ ਲੈਂਦਾ ਹੈ। ਕਵੀ ਕਸ਼ਮੀਰ ਦੀਆਂ ਸੁੰਦਰ ਵਾਦੀਆਂ ਵਿਚ ਵਿਚਰਦਾ ਹੈ—ਉਥੋਂ ਦੀ ਅਥਾਹ ਸੁੰਦਰਤਾ ਬਹੁਤ ਸਾਰੇ ਕਵੀਆਂ ਦੇ ਮਨ ਵਿਚੋਂ ਕਵਿ-ਸ੍ਰੋਤ

ਜਗਾਉਂਦੀ ਹੈ, ਪਰ ਸਾਡਾ ਕਵੀ ਸਹਿਰਾਈ ਇਸ ਦ੍ਰਿਸ਼ਟ-ਸੁੰਦਰਤਾ ਤਕ ਹੀ ਸੀਮਤ ਨਹੀਂ ਰਹਿੰਦਾ, ਜਿਸ ਦੀ ਮਹਿਮਾ ਗਾਣੀ ਰੁਮਾਂਸਵਾਦ ਤੋਂ ਵਧ ਕੁਝ ਨਹੀਂ। ਉਹ ਰੋਜ਼ ਇਕ ਸਤ-ਸਾਲਾ ਬੱਚੀ ਜ਼ੈਨਾ ਨੂੰ ਲਕੜੀਆਂ ਚੁਗਦੇ ਵੇਖਦਾ ਹੈ। ਭੋਲੀ ਮਾਸੂਮ ਸੁੰਦਰਤਾ, ਜਿਸ ਦੇ ਖੇੜਣ ਤੇ ਮੁੱਢਲੀ ਵਿਦਿਆ ਪ੍ਰਾਪਤ ਕਰਨ ਦੇ ਦਿਨ ਹਨ। ਸੁੰਦਰਤਾ ਦੀ ਇਸ ਰੰਗੀਨ-ਵਾਦੀ ਵਿਚ ਅੰਤਾਂ ਦੀ ਗਰੀਬੀ ਹੈ, ਜਿਹੜੀ ਮੁੱਢਲੇ ਹੱਕਾਂ ਹੱਕਾਂ ਤੋਂ ਮਹਿਰੂਮ ਰਖਦੀ ਹੈ। ਕਵੀ ਦਾ ਭਾਵਕ ਮਨ ਕੁਰਲਾ ਉਠਦਾ ਹੈ :

"ਜ਼ੈਨਾ, ਮੇਰੀ ਧੀਏ ! ਮੇਰੀ ਬਚੀਏ !
ਤੇਰੀ ਧਰਤੀ ਸੁਰਗ ਅਖਵਾਂਦੀ ਹੈ, ਪਰ
ਨਰਕ ਵੀ ਤਕਦਾ ਮੈਂ ਥਾਂ ਥਾਂ
ਅਗਿਆਨਤਾ ਤੇ ਕੰਗਾਲੀ ਦਾ ਨਰਕ
ਸੁੰਦਰਤਾ ਨੂੰ ਗ੍ਰਹਿਣ ਲੱਗਾ।"

ਇਹ ਉਸ ਕਵਿਤਾ ਦਾ ਨਮੂਨਾ ਹੈ, ਜੋ ਅੰਤਰ ਆਤਮਾ ਵਿਚੋਂ ਫੁਟ ਨਿਕਲਦੀ ਹੈ, ਇਸੇ ਵਿਚ ਕਵੀ ਦੀ ਆਤਮਾ ਦਾ ਸੰਚਾਰ ਹੁੰਦਾ ਹੈ, ਜਿਸ ਵਿਚ ਉਹ ਆਪਣੇ ਮਨ ਦੀ ਸਚੀ ਵਾਣੀ ਨੂੰ ਅੰਕਿਤ ਕਰਦਾ ਹੈ। ਇਸੇ ਤਰ੍ਹਾਂ ਉਸ ਦੀਆਂ ਬਹੁਤੀਆਂ ਕਵਿਤਾਵਾਂ ਪਿਛੇ ਇਕ ਪ੍ਰੇਰਣਾ-ਸ੍ਰੋਤ ਹੈ। ਰੋਜ਼ਨਬਰਗ ਦੀ ਸ਼ਹੀਦੀ ਦੁਨੀਆ ਦੇ ਸਾਰੇ ਸਾਮਵਾਦੀ ਤੇ ਲੋਕ ਭਲਾਈ ਨੂੰ ਮੁਖ ਰਖਣ ਵਾਲੇ ਸਾਹਿਤਕਾਰਾਂ ਲਈ ਹਿਰਦੇ-ਵੇਧਕ ਸੀ। ਸਹਿਰਾਈ ਇਕ ਕਰੁਣਾਮਈ ਕਵਿਤਾ ਲਿਖ ਕੇ ਉਨ੍ਹਾਂ ਦੇ ਦੁਖਾਂ ਵਿਚ ਸਾਂਝ ਪਾਂਦਾ ਹੈ :

"ਪੈਰ ਪੁਟੇ ਮੌਤ-ਕੁਰਸੀ ਵਲ ਤੁਸਾਂ
ਕਿਸ ਮਨੁਖੀ ਸ਼ਾਨ ਵਿਚ
ਕਿੰਨੀ ਸ਼ਕਤੀ ਹੁੰਦੀ ਖੇ ਇਨਸਾਨ ਵਿਚ
ਕਿੰਨੀ ਓਚਤਾ ਹੁੰਦੀ ਏ ਇਨਸਾਨ ਵਿਚ
ਮੌਤ ਨਿਤ ਜਿਤਦੀ ਹਜ਼ਾਰਾਂ ਲਖਾਂ ਹੀ ਜਿਦਾਂ ਤਾਈਂ,
ਮੌਤ ਨੂੰ ਹੈ ਜਿਤਿਆ ਪਰ ਅੱਜ ਤੁਸਾਂ।"

ਸਹਿਰਾਈ ਦੀ ਕਵਿਤਾ ਦਾ ਪ੍ਰਧਾਨ ਰੰਗ ਰਾਜਨੀਤਕ ਹੈ ਉਹ ਆਪ ਕਹਿੰਦਾ ਹੈ "ਰਾਜਨੀਤਕ ਗਲਾਂ ਵਿਚ ਮੇਰਾ ਝੁਕਾਅ ਖਬਤ ਦੀ ਹੱਦ ਤਕ ਹੈ।" ਸਹਿਰਾਈ ਦਾ ਇਕ ਲੋਕ-ਦਲ, ਸਾਮਵਾਦੀ-ਦਲ ਨਾਲ ਡੂੰਘਾ ਸੰਬੰਧ ਹੈ, ਉਹ ਇਕ ਲੋਕ-ਸੰਗਰਾਮੀਆ ਹੈ, ਉਸ ਨੇ ਰਾਜਨੀਤਕ ਜੀਵਨ ਜੀਵਿਆ ਹੈ, ਇਸ ਲਈ ਇਹ ਜੀਵਨ ਉਸ ਦੇ ਹੱਡਾਂ ਵਿਚ ਰਚ ਗਇਆ ਹੈ। ਬਦਲਦੀਆਂ ਰਾਜਨੀਤਕ ਸਥਿਤੀਆਂ ਸਹਿਰਾਈ ਲਈ ਕਵਿਤਾ ਦਾ ਆਵੇਸ਼ ਹਨ। ਉਸ ਦੇ ਰਾਜਨੀਤਕ ਵਿਚਾਰਾਂ ਦਾ ਧੁਰਾ

ਹੈ ਮਾਰਕਸਵਾਦੀ ਵਿਚਾਰ-ਧਾਰਾ। ਸਹਿਰਾਈ ਨੂੰ ਇਸ ਸਚਾਈ ਦਾ ਗਿਆਨ ਹੋ ਗਇਆ ਹੈ ਕਿ ਦੁਨੀਆਂ ਦੇ ਦੁਖਾਂ ਦਾ ਦਾਰੂ ਇਸੇ ਵਿਚਾਰ ਧਾਰਾ ਵਿਚ ਹੈ। ਸਾਡੇ ਦੁਖਾਂ ਦੀ ਜੜ੍ਹ ਆਰਥਿਕ ਘਾਟਾਂ ਹਨ—ਪੈਸੇ ਦੀ ਕਾਣੀ ਵੰਡ ਵਿਚ ਹੈ। ਇਸੇ ਲਈ ਸਹਿਰਾਈ ਆਪਣੀ ਅਰੰਭਕ ਕਾਵਿ ਰਚਨਾ ਦੇ ਜਜ਼ਬਾਤੀ ਦੌਰ ਤੋਂ ਪਿਛੋਂ ਸਾਮਵਾਦੀ ਵਿਚਾਰਾਂ ਦਾ ਹੀ ਅਨੁਸਾਰੀ ਹੈ। ਸਟਾਲਿਨ ਤੇ ਲੈਨਿਨ ਉਸ ਦੇ ਪ੍ਰਿਯ ਨੇਤਾ ਹਨ। ਉਸ ਦੀ ਨਜ਼ਰ ਵਿਚ ਦੇਸ਼ਾਂ ਦੀ ਵਿਥ ਕੋਈ ਅਹਿਮੀਅਤ ਨਹੀਂ ਰਖਦੀ—ਹਰ ਉਹ ਜੀਵ ਮਹਾਂ ਪੁਰਖ ਹੈ, ਜਿਹੜਾ ਦੁਨੀਆਂ ਦੀ ਕਿਸੇ ਨੁਕਰ ਦੇ ਕਲਿਆਣ ਦਾ ਬੀੜਾ ਚੁਕਦਾ ਹੈ। ਸਹਿਰਾਈ ਨੇ ਸਟਾਲਿਨ ਦੀ ਮੌਤ ਤੇ ਕਵਿਤਾ ਲਿਖੀ, ਇਸ ਲਈ ਕਿ ਉਹ ਉਸ ਦੀ ਪਾਰਟੀ ਦਾ ਬਹੁਤ ਵੱਡਾ ਅੰਤਰ-ਰਾਸ਼ਟ੍ਰੀਯ ਨੇਤਾ ਸੀ—ਪਰ ਇਸ ਨਾਲੋਂ ਵੀ ਇਸ ਲਈ ਜ਼ਿਆਦਾ ਕਿ ਉਸ ਨੇ ਧਰਤੀ ਦੇ ਇਕ ਟੁਕੜੇ ਨੂੰ ਖੁਸ਼ਹਾਲ ਬਨਾਉਣ ਵਿਚ ਜੀਵਨ-ਆਹੂਤੀ ਪਾਈ। ਉਹ ਸਿਰਫ਼ ਰੂਮੀ ਕੌਮ ਦਾ ਹੀ ਆਗੂ ਨਹੀਂ ਸੀ ਉਹ ਤਾਂ ਸਰਵ-ਮਾਨਵਤਾ ਦਾ ਨੇਤਾ ਸੀ, ਜਿਸ ਪੂੰਜੀਵਾਦ ਦੀਆਂ ਸੰਗਲੀਆਂ ਨੂੰ ਤੋੜਿਆ। ਸਟਾਲਿਨ ਦੀ ਮੌਤ ਤੋਂ ਪਿਛੋਂ ਉਸ ਤੇ ਕੜੀ ਆਲੋਚਨਾ ਕੀਤੀ ਗਈ। ਉਹ ਜਾਇਜ਼ ਸੀ ਜਾਂ ਨਾਜਾਇਜ਼ ? ਇਹ ਇਕ ਵਿਵਾਦਸਪਦ ਨੁਕਤਾ ਹੈ, ਪਰ ਇਕ ਗਲ ਨਿਰਸੰਦੇਹ ਆਖੀ ਜਾ ਸਕਦੀ ਹੈ ਕਿ ਉਨ੍ਹਾਂ ਆਲੋਚਕਾਂ ਨੇ ਉਸ ਦੀ ਕਰਨੀ ਨੂੰ ਉੱਕਾ ਹੀ ਅਖੋਂ ਉਹਲੇ ਕਰ ਦਿਤਾ। ਸਹਿਰਾਈ ਇਨ੍ਹਾਂ ਗਲਾਂ ਦਾ ਜ਼ਿਕਰ ਨਹੀਂ ਕਰਦਾ, ਉਹ ਤਾਂ ਉਸ ਦੀਆਂ ਸ਼ੁਭ ਕਰਨੀਆਂ ਨੂੰ ਯਾਦ ਕਰਦਾ ਹੈ। ਉਸ ਦੀ ਉਪ੍ਰੋਕਤ ਕਵਿਤਾ ਵਿਚ ਰਵਾਇਤੀ ਰੰਗ ਨਹੀਂ, ਸਗੋਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਵੀ ਨੇ ਦਿਲੋਂ ਮਹਿਸੂਸ ਕੀਤਾ ਹੈ। ਉਸ ਦੀ ਦਰਦ-ਭਰੀ ਹੂਕ ਹੇਠ ਲਿਖੇ ਸ਼ਬਦਾਂ ਵਿਚੋਂ ਪ੍ਰਗਟ ਹੈ :—

"ਟੁਟਿਆ ਸਾਡੇ ਤੇ ਅਜ ਗ਼ਮ ਦਾ ਪਹਾੜ
ਅਜ ਮੁੜ ਹੋਏ ਯਤੀਮ
ਏਸ਼ਿਆਈ ਲੋਕ ਮੁੜ ਹੋਏ ਯਤੀਮ।

... ... ...

ਅੱਜ ਤੂੰ ਵੀ ਸਦਾ ਲਈ ਛਡ ਰਿਹਾ
ਹੰਝੂਆਂ ਵਿਚ ਤਿਘਲੀ ਸਾਰੀ ਆਤਮਾ
ਸੇਕ ਬ੍ਰਿਹੁੰ ਦਾ ਹੈ ਲੂੰਹਦਾ ਜਾ ਰਹਿਆ
ਪੰਘਰ ਕੇ ਦਿਲ ਅੱਖੀਆਂ ਵਿਚ ਆ ਗਿਆ।"

ਸਹਿਰਾਈ ਸਚੇ ਅਰਥਾਂ ਵਿਚ ਲੋਕ-ਸੰਗਰਾਮੀਆ ਕਵੀ ਹੈ। ਹਰ ਜਨਤਕ ਇਨਕਲਾਬ ਵਿਚ ਕਲਮ ਦਾ ਮਹਾਨ ਹਿਸਾ ਹੁੰਦਾ ਹੈ। ਇਸ ਧਰਤੀ ਦੇ ਮਹਾਨ ਇਨਕਲਾਬਾਂ ਦੀ ਜੜ੍ਹ ਕਲਮ ਦੇ ਸਿਧਾਂਤਾਂ ਵਿਚ ਹੈ। ਭਾਰਤ ਵਿਚ ਆਜ਼ਾਦੀ ਪ੍ਰਾਪਤੀ

ਤੋਂ ਬਾਅਦ ਸਚੇ ਦੇਸ਼ ਭਗਤਾਂ ਨੇ ਪ੍ਰਤੀਤ ਕੀਤਾ ਕਿ ਆਜ਼ਾਦੀ ਨਹੀਂ, ਸਗੋਂ ਅੰਦਰਲੇ ਸਰਮਾਇਦਾਰਾਂ ਨੇ ਬਾਹਰਲੇ ਸਰਮਾਇਦਾਰਾਂ ਨਾਲ ਸਮਝੌਤਾਂ ਕੀਤਾ ਹੈ ਤਾਂ ਜੋ ਰਲ ਮਿਲ ਕੇ ਲੁਟਿਆ ਜਾ ਸਕੇ। ਭਾਰਤ ਦੀ ਸੁਤੰਤਰਤਾ ਵਿਚ ਵਪਾਰੀ ਸ਼੍ਰੇਣੀ ਨੇ ਲੋਕ-ਤਾਕਤਾਂ ਨੂੰ ਆਜ਼ਾਦੀ ਦੇ ਨਾਂ ਹੇਠ ਆਪਣੇ ਨਾਲ ਮਿਲਾਇਆ ਤੇ ਮੰਜ਼ਲੀ ਦੀ ਪੂਰਤੀ ਤੋਂ ਪਿਛੋਂ ਜਨਤਕ ਹਿਤਾਂ ਨੂੰ ਲਾਂਭੇ ਛਡ ਆਪਣੇ ਮੁਫ਼ਾਦਾਂ ਨੂੰ ਹੀ ਮੁਖ ਰਖਿਆ। ਭਾਰਤ ਦੀਆਂ ਲੋਕ-ਤਾਕਤਾਂ ਸਾਹਮਣੇ ਦੋ ਮੁਸੀਬਤਾਂ ਸਨ—ਇਕ ਜਾਗੀਰਦਾਰੀ ਢਾਂਚੇ ਦਾ ਟਾਕਰਾ ਤੇ ਦੂਜੇ ਪੂੰਜੀਪਤੀਆਂ ਨਾਲ ਲੋਹਾ ਲੈਣਾ। ਪਹਿਲਾ ਟਾਕਰਾ ਢਹਿ ਰਹੀ ਜਾਗੀਰਦਾਰੀ ਨਾਲ ਹੋਇਆ। ਤਿਲੰਗਾਨਾ ਤੇ ਪੈਪਸੂ ਇਸ ਦੇ ਪ੍ਰਮੁਖ ਕੇਂਦਰ ਬਣੇ। ਸਹਿਰਾਈ ਨੂੰ ਆਪਣੀ ਕਲਮ ਦੁਆਰਾ ਇਨ੍ਹਾਂ ਸੰਗਰਾਮਾਂ ਵਿਚ ਨਿੱਗਰ ਹਿੱਸਾ ਪਾਇਆ ਹੈ। ਉਸ ਨੇ ਦੋ ਵਾਰਾਂ "ਤਿਲੰਗਾਣਾ ਦੀ ਵਾਰ" ਤੇ "ਬਚਨ ਸਿੰਘ ਦੀ ਵਾਰ" ਲਿਖੀਆਂ। ਇਹ ਉਸ ਦੀ ਵਿਸ਼ੇਸ਼ਤਾ ਹੈ ਕਿ ਉਸ ਇਤੇ ਪੁਰਾਣੇ ਕਾਵਿ-ਰੂਪ ਨੂੰ ਵਰਤਮਾਨ ਲੋੜਾਂ ਲਈ ਵਰਤਿਆ ਹੈ। ਉਸ ਦੀਆਂ ਇਨ੍ਹਾਂ ਦੋਹਾਂ ਵਾਰਾਂ ਵਿਚੋਂ ਮੈਨੂੰ "ਬਚਨ ਸਿੰਘ ਦੀ ਵਾਰ" ਜ਼ਿਆਦਾ ਚੰਗੀ ਲਗੀ ਹੈ ਕਿਉਂਕਿ ਇਸ ਵਿਚ ਫੁਟ ਫੁਟ ਪੈਂਦਾ ਜਜ਼ਬਾ, ਉਮਾਹ ਤੇ ਆਮੁਹਾਰਾ ਵੇਗ ਹੈ। ਤਿਲੰਗਾਨਾ ਦੀ ਵਾਰ ਦੀ ਆਪਣੀ ਇਤਿਹਾਸਕ ਮਹਾਨਤਾ ਹੈ ਜੋ ਆਪਣੇ ਵਿਚ ਲੋਕ-ਸ਼ਕਤੀਆਂ ਦੀ ਚੇਤਨਤਾ ਲੁਕਾਈ ਬੈਠੀ ਹੈ ਪਰ ਇਸ ਵਾਰ ਵਿਚ ਮੈਨੂੰ ਦਿਲੋਂ ਫੁਟਿਆ ਜਜ਼ਬਾ ਘਟ ਨਜ਼ਰ ਆਇਆ ਹੈ। ਜੇ ਬਚਨ ਸਿੰਘ ਦੀ ਵਾਰ ਨਾ ਪੜ੍ਹੀ ਜਾਵੇ ਤਾਂ ਤਿਲੰਗਾਣਾ ਦੀ ਵਾਰ ਵਿਚ ਵੀ ਬਹੁਤ ਫਬਦੀ ਹੈ। ਪਰ ਬਚਨ ਸਿੰਘ ਦੀ ਵਾਰ ਵਿਚ ਬਹੁਤ ਸੰਖੇਪਤਾ ਹੈ—ਦਰਿਆ ਵਰਗੀ ਰਵਾਨੀ ਹੈ, ਵਾਰਤਾਲਾਪ ਬਹੁਤ ਕੁਦਰਤੀ ਤੇ ਚੁਸਤ ਹਨ। ਬੀਰ-ਰਸ ਨੂੰ ਪੂਰਨ ਤੌਰ ਤੇ ਕਾਇਮ ਰਖਿਆ ਹੈ। ਦਿਲ ਆਮੁਹਾਰਾ ਕਥਾ ਵਿਚ ਖੁਭਦਾ ਜਾਂਦਾ ਹੈ :—

"ਫਤੂ ਗੁੰਡਾ ਵਧਿਆ ਉਸ ਵਲ ਡਾਂਗ ਉਲਾਰੀ,
ਅਗੋਂ ਸਲੰਘ ਘੁਮਾਉਂਦਾ ਕੁਦਿਆ ਗੁਲਜ਼ਾਰੀ।
"ਹਟ ਭਾੜੇ ਦਿਆ ਟਟੂਆ, ਕਿਉਂ ਮਤ ਗਈ ਮਾਰੀ,
ਕੀ ਉਹਨਾਂ ਨਾਲ ਮੁਕਾਬਲਾ ਜਿਨ੍ਹਾਂ ਮਰਨ ਦੀ ਧਾਰੀ,
ਲੈ ਝਲ ਵਾਰ ਜੁਆਨ ਦਾ ਹੁਣ ਮੇਰੀ ਵਾਰੀ,
ਫਤੂ ਪਿਛੇ ਹਟ ਗਇਆ ਉਸ ਹਿੰਮਤ ਹਾਰੀ,
ਝੂਠ ਦੇ ਹੁੰਦੇ ਪੈਰ ਨਾ, ਸਚ ਸ਼ਕਤੀ ਭਾਰੀ।"

ਇਨ੍ਹਾਂ ਵਾਰਾਂ ਨੇ ਕਵੀ ਨੂੰ ਇਤਿਹਾਸਕ ਵਿਸ਼ੇਸ਼ਤਾ ਬਖਸ਼ੀ ਹੈ। ਜਦ ਵੀ ਲੋਕ-ਸ਼ਕਤੀਆਂ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਸਹਿਰਾਈ ਦਾ ਨਾਂ ਜ਼ਰੂਰ ਆਵੇਗਾ ਕਿਉਂਕਿ ਉਸ ਨੇ ਇਸ ਯੁੱਗ ਵਿਚ ਅਜਿਹੀਆਂ ਕਵਿਤਾਵਾਂ ਲਿਖੀਆਂ ਹਨ, ਜੋ ਯੁਗ-ਚੇਤਨਾ ਅਨੁਸਾਰ ਹਨ। ਸਹਿਰਾਈ ਦੀ ਆਤਮਾ

ਦਲੇਰ ਹੈ, ਉਹ ਜੋ ਕਹਿਣਾ ਚਾਹੁੰਦਾ ਹੈ, ਕਹਿ ਦੇਂਦਾ ਹੈ। ਉਸ ਨੇ ਜਿਸ ਵਿਚਾਰਧਾਰਾ ਨੂੰ ਅਪਨਾਇਆ ਹੈ, ਅਜ ਤਕ ਉਸ ਦਾ ਅਨੁਸਾਰੀ ਹੈ, ਉਹ ਨਵ-ਸਮਾਜ ਦੀ ਉਸਾਰੀ ਲਈ ਅਣਥਕ ਯਤਨ ਕਰਦਾ ਹੈ। ਉਹ ਨਿਡਰ ਹੈ, ਉਹ ਸਮੇਂ ਦੀਆਂ ਤਾਕਤਾਂ ਵਿਰੁਧ ਆਪਣੀ ਕਲਮ ਚੁਕਣੋਂ ਨਹੀਂ ਰੁਕਦਾ।

ਸਹਿਰਾਈ ਇਕ ਆਸ਼ਾਵਾਦੀ ਕਵੀ ਹੈ। ਉਹ ਅਜ ਦੀ ਜ਼ਿੰਦਗੀ ਦੇ ਅੰਨ੍ਹੇਰਿਆ ਦਾ ਗਿਆਤਾ ਹੈ— ਪਰ ਕਵੀ ਦਾ ਕੰਮ ਇਨ੍ਹਾਂ ਅੰਧਕਾਰਾਂ ਦਾ ਹੀ ਵਰਣਨ ਨਹੀਂ। ਉਹ ਜਨ-ਸਾਧਾਰਣ ਨਾਲੋਂ ਵਿਸ਼ਿਸ਼ਟ ਬੁੱਧੀ ਦਾ ਮਾਲਿਕ ਹੈ, ਉਹ ਸਮਾਜ ਦੀ ਅੱਖ ਹੈ, ਜੇ ਇਹ ਅੱਖ ਸਿਰਫ ਰੋਈ ਹੀ ਜਾਵੇਗੀ ਤਾਂ ਸਮਾਜੀ-ਸਰੀਰ ਵੀ ਅੰਤ ਨੂੰ ਢਹਿੰਦੀਆਂ ਕਲਾਂ ਵਿਚ ਜਾਵੇਗਾ। ਸਹਿਰਾਈ ਸਮਾਜ ਨੂੰ ਚਿਤ੍ਰਦਾ ਹੈ, ਪਰ ਨਾਲ ਹੀ ਉਹ ਆਸ਼ਾ ਦਾ ਤਾਰਾ ਜ਼ਰੂਰ ਵਿਖਾਉਂਦਾ ਹੈ। ਉਸ ਦੀ ਹਰ ਕਵਿਤਾ ਵਿਚ ਆ ਰਹੇ ਸਾਮਵਾਦੀ ਸਮਾਜ ਦੀ ਝਲਕ ਹੈ। ਉਹ ਹਰ ਦੁਖੀ ਨੂੰ ਇਹੀ ਸਾਂਤ੍ਵਤਾ ਦੇਂਦਾ ਹੈ ਕਿ ਆ ਰਹਿਆ ਯੁੱਗ ਤੇਰਾ ਹੈ ਕਿਉਂਕਿ ਹਰ ਰਾਤ ਨਵ-ਉਸ਼ਾ ਦਾ ਸੁਨੇਹਾ ਦੇਂਦੀ ਹੈ :—

"ਸਾਡੇ ਘਰ ਵੀ ਰਾਤ ਇਹ ਕਾਲੀ
ਅਜ ਭਲਕ ਹੈ ਮੁਕਣ ਵਾਲੀ
ਪਹੁ ਫੁਟ ਚੁਕੀ ਲਿਸਕਣ ਵਾਲੀ
ਏਥੇ ਸੋਨ-ਸਵੇਰ !"

ਕਵੀ ਦਾ ਇਹ ਆਸ਼ਾਵਾਦ ਪ੍ਰਸੰਸਨੀਯ ਹੈ, ਪਰ ਇਕ ਗਲੋਂ ਸਹਿਰਾਈ ਦਾ ਇਹ ਰੰਗ ਅਕਾ ਦੇਂਦਾ ਹੈ ਕਿ ਉਹ ਹਰ ਕਵਿਤਾ ਦੇ ਅੰਤ ਵਿਚ ਅਜਿਹੀ ਆਸ ਪ੍ਰਗਟਾਉਂਦਾ ਹੈ। ਜਦ ਕਲਾ ਵਿਚ (Formulation) ਆ ਜਾਂਦੀ ਹੈ ਤਾਂ ਕਲਾ ਦੀ ਆਤਮਾ ਮਰ ਜਾਂਦੀ ਹੈ। ਮੈਂ ਮੰਨਦਾ ਹਾਂ ਕਿ ਅਜਿਹਾ ਆਸ਼ਾਵਾਦ ਜਨ-ਸਾਧਾਰਣ ਲਈ ਬੜਾ ਉਤਸ਼ਾਹ-ਜਨਕ ਹੈ। ਪਰ ਸਹਿਰਾਈ ਦੀ ਕਵਿਤਾ ਵਿਚੋਂ ਇੰਜ ਪ੍ਰਗਟ ਹੁੰਦਾ ਹੈ, ਜਿਵੇਂ ਕਿ ਨਿਯਮ-ਬਧ ਤਕਨੀਕ ਦੇ ਅਧੀਨ ਲਿਖਿਆ ਹੋਵੇ। ਅਜਿਹੀ ਸ਼ੈਲੀ ਵਿਚ ਸਜਰਾ-ਪਣ ਨਹੀਂ ਰਹਿੰਦਾ।

ਪ੍ਰਾਰੰਭਕ ਕਾਲ ਵਿਚ ਸਹਿਰਾਈ ਵੀ ਉਪਭਾਵਕ ਕਵੀ ਸੀ ਤੇ ਰੁਮਾਂਸਵਾਦ ਦੇ ਕਸੁੰਭੜੇ ਰੰਗ ਵਿਚ ਰੰਗਿਆ ਹੋਇਆ ਸੀ। ਇਹ ਸੁਭਾਵਕ ਹੈ ਕਿ ਹਰ ਕਵੀ ਦਾ ਅਰੰਭ ਪਿਆਰ-ਕਿਰਨ ਦੀ ਛੋਹ ਤੋਂ ਹੀ ਹੁੰਦਾ ਹੈ, ਸ਼ਾਇਦ ਵਿਚ ਮਹਾਨ ਕਵੀ ਇਸ ਪਿਆਰ-ਪੀੜ ਨੂੰ ਜਗਤ-ਪੀੜ ਵਿਚ ਬਦਲ ਲੈਂਦੇ ਹਨ। ਸਹਿਰਾਈ ਵੀ ਇਸੇ ਅਨੁਭਵ ਵਿਚੋਂ ਲੰਘਿਆ ਹੈ। ਪਰ ਅਜ ਉਹ ਕੋਈ ਉਪਭਾਵਕ ਕਹਾਣੀ ਸੁਣਨ ਨੂੰ ਤਿਆਰ ਨਹੀਂ। ਇਹ ਵਿਚਾਰ ਉਹ ਆਉਣ ਵਾਲੀ ਸੰਤਾਨ ਦੇ ਦਿਮਾਗ਼ ਵਿਚ

ਸੰਚਾਰ ਕਰਨਾ ਚਾਹੁੰਦਾ ਹੈ। ਸਾਡੇ ਘਰਾਂ ਵਿਚ ਅਜੇ ਵੀ ਸਾਮੰਤਵਾਦੀ ਰਾਣਿਆਂ-ਰਾਜਿਆਂ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆ ਹਨ, ਜਿਨ੍ਹਾਂ ਦਾ ਵਰਤਮਾਨ ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ। ਰਾਜਿਆਂ-ਰਾਣਿਆਂ ਦੀਆਂ ਕਹਾਣੀਆਂ ਗੁਲਾਮੀ ਦਾ ਭਾਵ ਪੈਦਾ ਕਰਦੀਆਂ ਹਨ। ਅਜ ਦਾ ਸਾਹਿਤ ਸਾਡੀ ਆਪਣੀ ਕਹਾਣੀ ਹੈ-ਇਕ ਮਾਂ ਪੁਤਰ ਨੂੰ ਸਾਮੰਤਵਾਦੀ ਕਹਾਣੀਆਂ ਸੁਣਾਉਣ ਚਾਹੁੰਦੀ ਹੈ, ਪਰ ਬੱਚਾ ਅਗੋਂ ਆਖਦਾ ਹੈ :--

"ਕੋਈ ਕਹਾਣੀ ਇਸ ਧਰਤੀ ਦੀ
ਕੋਈ ਕਹਾਣੀ ਇਸ ਬਸਤੀ ਦੀ,
ਅਜ ਕੋਈ ਬਾਤ ਏਸ ਦੀ ਪਾ
ਮਾਂ ਨੀ ਕੋਈ ਬਾਤ ਸੁਣਾ।"

ਅੱਜ ਸਾਰੀ ਧਰਤੀ ਪੀੜਾਂ ਭਰਪੂਰ ਹੈ। ਇਕ ਘਾਟ, ਇਕ ਖਲਾ ਜਹਿਆ ਹਰ ਜੀਵਨ ਵਿਚ ਹੈ— ਸਾਰੇ ਢਾਂਚੇ ਦੀ ਮੁਢਲੀ ਬਣਤਰ ਵਿਚ ਛਿਦਰ ਹਨ, ਜਿਹੜੇ ਤਨ ਮਨ ਦੋਹਾਂ ਨੂੰ ਜਕੜੀ ਰੱਖਦੇ ਹਨ। ਦੁਖਾਂ ਦਾ ਅਨੁਭਵ ਕਈ ਵੇਰ ਇੰਨਾ ਡੂੰਘਾ ਹੋ ਜਾਂਦਾ ਹੈ ਕਿ ਮਨੁਖ ਸਮੁਚੇ ਜੀਵਨ ਨੂੰ ਹੀ ਨਫਰਤ ਕਰਨ ਲਗ ਜਾਂਦਾ ਹੈ। ਅਜਿਹੀ ਭਾਵਨਾ ਇਕ ਉਹ ਕਲਾਕਾਰ ਵਿਚ ਨਹੀਂ ਹੁੰਦੀ। ਉਹ ਜ਼ਿੰਦਗੀ ਨੂੰ ਪਿਆਰਦਾ ਹੈ ਤੇ ਇਸ ਨੂੰ ਸੋਹਜ-ਸਵਾਦੀ ਬਣਾਉਣ ਲਈ ਪ੍ਰਬਲ ਯਤਨ ਕਰਦਾ ਹੈ। ਜ਼ਿੰਦਗੀ ਆਪਣੇ ਵਿਚ ਦੋਵੇਂ ਪਹਿਲੂ ਲਈ ਬੈਠੀ ਹੈ-- ਅੰਨ੍ਹੇਰਾ ਤੇ ਉਸੇਰਾ। ਅੰਨ੍ਹੇਰਿਆਂ ਨਾਲ਼ ਘੋਲ ਹੋਣਾ ਕੁਦਰਤੀ ਤੇ ਜ਼ਰੂਰੀ ਹੈ, ਪਰ ਨਿਸ਼ਾਨਾ ਤਾਂ ਮਧੁਰ-ਮੁਸਕਾਨਾਂ ਵਲ ਹੋਣਾ ਚਾਹੀਦਾ ਹੈ :—

"ਜ਼ਿੰਦਗੀ ਨੇ ਦੋਵੇਂ ਪਾਸੇ,
ਇਕ ਦਰ ਰੋਏ, ਇਕ ਦਰ ਹਾਸੇ
ਹੰਝੂਆਂ ਦੇ ਸੰਗ ਬਹਿ ਨਾ ਜਾਈਂ
ਮੁਸਕਾਨਾਂ ਵਲ ਹੈ।"

ਇਕ ਹੋਰ ਕਵਿਤਾ ਵਿਚ ਉਹ ਆਖਦਾ ਹੈ :—

"ਬੇਸਿਤਾਰਾ ਹੀ ਰਹਿਆ ਭਾਵੇਂ ਸਦਾ ਮੇਰਾ ਗਗਨ
ਮੁਸਕਰਾਂਦੀ ਧਰਤ ਤੇ ਮੈਂ ਅੱਥਰੂ ਡੋਲ੍ਹਾਂ ਕਿਉਂ ?"

ਇਸ ਜ਼ਿੰਦਗੀ ਵਿਚ ਕਲਾਕਾਰਾਂ ਨੂੰ ਆਮ ਲੋਕਾਂ ਨਾਲੋਂ ਜ਼ਿਆਦਾ ਹੀ ਦੁਖ ਸਹਿਣੇ ਪੈਂਦੇ ਹਨ। ਉਨ੍ਹਾਂ ਦੇ ਜ਼ਿਆਦਾ ਦੁਖਿਤ ਹੋਣ ਦਾ ਇਕ ਕਾਰਨ ਹੋਰ ਵੀ ਹੈ। ਭਾਵਕ ਕਵੀ ਮਨ ਨਿਜੀ ਦੁਖਾਂ ਨਾਲੋਂ ਹੋਰਨਾਂ ਦੇ ਦੁਖਾਂ ਨੂੰ ਜ਼ਿਆਦਾ ਪ੍ਰਤੀਤ ਕਰਦਾ ਹੈ। ਇਹਨਾਂ ਸੰਤਾਪਾਂ ਕਾਰਨ ਵੀ ਉਨ੍ਹਾਂ ਦੀ ਕਲਾ ਵਿਚ ਪਕਿਆਈ

ਤੇ ਉਚਾਈ ਆਉਂਦੀ ਹੈ ।

ਸਹਿਰਾਈ ਬਹੁਤ ਕੋਮਲ ਉਦਗਾਰਾਂ ਦਾ ਮਾਲਿਕ ਹੈ । ੪੭ ਦੇ ਫਸਾਦਾਂ ਨੇ ਬਹੁਤ ਸਾਰੇ ਸਾਹਿਤਕਾਰਾਂ ਤੇ ਡੂੰਘਾ ਪਰਭਾਵ ਪਾਇਆ । ਕਈਆਂ ਬਹੁਤ ਹੀ ਦਰਦ-ਭਰਪੂਰ ਤੇ ਕਰੁਣਾ-ਮਈ ਰਚਨਾਵਾਂ ਦਿਤੀਆਂ । ਸਹਿਰਾਈ ਦੇ ਭਾਵਕ-ਮਨ ਤੇ ਇਸ ਅਣਹੋਣੀ ਦਾ ਬਹੁਤ ਹੀ ਡੂੰਘਾ ਪ੍ਰਭਾਵ ਪਇਆ ਪਰ ਇਥੇ ਵੀ ਉਹ ਨਿਰੋਲ ਜਜ਼ਬਿਆਂ ਦੇ ਵਹਿਣ ਵਿਚ ਨਾ ਵਹਿ ਗਇਆ । ਉਹ ਉਨ੍ਹਾਂ ਕਵੀਆਂ ਵਿਚੋਂ ਨਹੀਂ ਜਿਹੜੇ ਕਵਿਤਾ ਨੂੰ ਆਮੁਹਾਰਾ ਵੇਗ ਹੀ ਸਮਝਦੇ ਹਨ ਤੇ ਇਕ ਨਸ਼ੇ ਵਿਚ ਕਵਿਤਾ ਲਿਖਦੇ ਹਨ । ਕਈਆਂ ਨਾਲ ਤਾਂ ਇਹ ਵੀ ਬੀਤਦੀ ਹੈ ਕਿ ਕਵਿਤਾ ਲਿਖਣ ਤੋਂ ਪਿਛੋਂ ਉਹ ਆਪ ਹੀ ਉਸ ਦੇ ਅਰਥ ਨਹੀਂ ਕਰ ਸਕਦੇ । ਸਾਹਿਤ-ਰਚਨਾ ਸਮੇਂ ਸੁਰਤੀਆਂ ਤੇ ਬ੍ਰਿਤੀਆਂ ਨੂੰ ਜਾਗ੍ਰਿਤ ਰਖਣਾ ਚਾਹੀਦਾ ਹੈ । ੪੭ ਦਾ ਘਲੂਘਾਰਾ ਹਰ ਮਾਨਵ-ਪ੍ਰੇਮੀ ਲਈ ਅਸਹਿ ਸੀ । ਸਾਡੇ ਕਵੀਆਂ ਨੇ ਬੜੇ ਲੰਮੇ ਲੰਮੇ ਕੀਰਨੇ ਪਾਏ । ਪਰ ਲੋਕ-ਕਵੀ ਸਹਿਰਾਈ ਇਸ ਦੁਖਾਂਤ ਵਿਚ ਵੀ ਇਕ ਨਵਾਂ ਦੁਮੇਲ ਵੇਖਦਾ ਹੈ । ਕਵੀ ਨੂੰ ਆਸ ਹੈ ਕਿ ਇਸ ਦੁਖਾਂਤ-ਝਾਕੀ ਤੋਂ ਪਿਛੋਂ ਰੰਗ-ਮੰਚ ਤੇ ਕੋਈ ਸੁਖਾਂਤ ਝਾਕੀ ਆਵੇਗੀ ਜਿਸ ਵਿਚ ਅਸੀਂ ਪੁਰਾਣੇ ਦੁਜੈਗੀ ਤੇ ਦੂਈ ਭਾਵ 'ਚੋਂ ਨਿਕਲ ਸਿਰਫ ਇਨਸਾਨ ਬਣਨ ਦਾ ਯਤਨ ਕਰਾਂਗੇ । ਸਹਿਰਾਈ ਨੇ ਉਸ ਯੁਗ ਦਾ ਹਰ ਦੁਖੜਾ ਗਾ ਕੇ ਵੀ ਇਹ ਕਹਿਆ :—

"ਜਾਗੇ ਜਾਏ ਜ਼ਿਮੀਂ ਦੇ
ਰਹੇ ਨਵ-ਨਕਸ਼ ਉਘੇੜ
ਮੇਟ ਪੁਰਾਣੇ ਦਿਸਹੱਦੇ
ਸਿਰਜਣ ਨਵੇਂ ਦੁਮੇਲ ।"

ਮੈਨੂੰ ਉਸ ਦੀ ਪੁਸਤਕ ਸ਼ਕੁੰਤਲਾ ਬਹੁਤ ਪਿਆਰੀ ਲਗੀ ਹੈ ਜਿਸ ਵਿਚ ਉਸ ਕਾਲੀ ਦਾਸ ਰਚਿਤ "ਸ਼ਕੁੰਲਾ" ਦੀ ਕਥਾ ਨੂੰ ਕਾਵਿ-ਰੂਪ ਦਿਤਾ ਹੈ । ਇਸ ਦੀ ਸਭ ਤੋਂ ਵਡੀ ਵਿਸ਼ੇਸ਼ਤਾ ਮੌਲਿਕਤਾ ਵਰਗਾ ਰਸ, ਮਧੁਰ-ਰਵਾਨੀ, ਹਰ ਪ੍ਰਕਾਰ ਦਾ ਰਸ ਸੰਚਾਰ ਕਰਨ ਦੀ ਸ਼ਕਤੀ, ਬਲਵਾਨ ਕਥਾ ਪ੍ਰਵਾਹ ਤੇ ਮਿਠਾ ਪ੍ਰਕ੍ਰਿਤੀ ਵਰਣਨ ਹੈ ।

ਕੁਦਰਤੀ ਪ੍ਰੇਮ ਸਹਿਰਾਈ ਦੀ ਕਵਿਤਾ ਦਾ ਇਕ ਹੋਰ ਰੰਗ ਹੈ । ਉਸ ਦੀਆਂ ਪੁਸਤਕਾਂ 'ਲਗਰਾਂ' ਤੇ 'ਰੁਣ ਝੁਣ' ਉਸ ਦੇ ਕੁਦਰਤ ਪਿਆਰ ਦਾ ਪ੍ਰਤੱਖ ਰੂਪ ਹਨ । ਉਹ ਕੁਦਰਤ ਦੇ ਕਣਕਣ ਨੂੰ ਪਿਆਰ ਕਰਦਾ ਹੈ । ਗਗਨ ਤੇ ਬਾਤਾਂ ਪਾਂਦੇ ਤੇ ਦਿਲਾਂ ਦੇ ਮਹਿਰਮ ਤਾਰੇ, ਸਾਵੀਆਂ ਚੀਲਾਂ ਤੇ ਕੁਆਰੀਆਂ ਟੀਸੀਆਂ ਵਿਚ ਸਹਿਰਾਈ ਦਾ ਦਿਲ ਧੜਕਦਾ ਹੈ । ਪਰ ਇਕ ਸਚੇ ਸਾਮਵਾਦੀ ਵਾਂਗ ਸਿਰਫ ਕੁਦਰਤ ਵਰਣਨ ਤਕ ਹੀ ਸੀਮਿਤ ਨਹੀਂ ਰਹਿੰਦਾ, ਸਗੋਂ ਇਹਨਾਂ ਤੋਂ ਕੋਈ ਪ੍ਰੇਰਨਾ ਲੈਂਦਾ ਹੈ । ਭਾਈ ਵੀਰ

ਸਿੰਘ ਕੁਦਰਤ ਵਿਚ ਰਬੀ ਪਿਆਰ ਦੇ ਪ੍ਰਤੀਕ ਲਭਦਾ ਸੀ, ਬਾਵਾ ਬਲਵੰਤ ਤੇ ਮੋਹਨ ਸਿੰਘ ਕੁਦਰਤ ਵਿਚ ਸਮਾਜਵਾਦੀ ਚਿੰਨ੍ਹ ਲਭਦੇ ਹਨ। ਸਹਿਰਾਈ ਵੀ ਇਸੇ ਮੋਚ ਦਾ ਕਵੀ ਹੈ। ਕੁਦਰਤ ਜ਼ਰੂਰ ਮਿਠੀ ਤੇ ਪਿਆਰੀ ਹੈ ਪਰ ਇਸ ਮਹਿਮਾ ਵਿਚ ਹੀ ਗ੍ਰਹਸਤ ਰਹਿਣਾ ਉਪਭਾਵਕਤਾ ਹੈ। ਅਜ ਸਮਾਂ ਬਹੁਤ ਚੇਤੰਨ ਹੈ, ਇਹ "ਸੁੰਦਰੰ" ਦੇ ਨਾਲ "ਸ਼ਿਵੰ" ਦੀ ਵੀ ਆਸ ਰਖਦਾ ਹੈ । ਇਸ ਯੁਗ ਵਿਚ ਉਹ ਉਨ੍ਹਾਂ ਪ੍ਰਮੁਖ ਕਵੀਆਂ ਵਿਚੋਂ ਹੈ ਜਿਨ੍ਹਾਂ ਇਹ ਪਰਪਾਟੀ ਚਲਾਈ ਹੈ। ਇਸੇ ਲਈ ਕਵੀ ਤਾਰਿਆਂ ਦੇ ਨੂਰ ਤੋਂ ਸਿਰਫ ਪ੍ਰਿਯ-ਮਿਲਣ ਦੀ ਹੀ ਆਸ ਨਹੀਂ ਚਿਤਵਦਾ, ਓਹ ਤਾਂ ਸਮੇਂ ਦੀਆਂ ਬਰਫ਼ਾਂ ਨੂੰ ਪਿਘਲਾਣਾ ਚਾਹੁੰਦਾ ਹੈ ਜਿਹੜੀਆਂ ਸਮਾਜੀ ਸ਼ਕਤੀਆਂ ਨੂੰ ਜੁਆ ਰਹੀਆਂ ਹਨ, ਸੁੰਨ ਕਰ ਰਹੀਆਂ ਹਨ, ਇਸ ਲਈ ਸਹਿਰਾਈ ਕਹਿੰਦਾ ਹੈ :—

"ਓ ਦੂਰ ਗਗਨ ਦਿਆ ਤਾਰਿਆ
ਇਹਨਾਂ ਬਰਫ਼ਾਂ ਨੂੰ ਪੰਘਰਾ
ਵੇ ਮੈਂ ਕਿਰਨਾਂ ਦੇ ਲਈ ਸਹਿਕਦੀ
ਚਾਨਣ ਦਾ ਘੁਟ ਪਿਲਾ।"

ਕਈ ਪ੍ਰਕ੍ਰਿਤੀ-ਪ੍ਰੇਮੀ ਵਿਸ਼ਾਲ ਕੁਦਰਤ ਦੀ ਅਨੰਤਤਾ ਤੇ ਅਸੀਮਤ ਵਿਚ ਹੀ ਅਭੇਦ ਹੋ ਜਾਂਦੇ ਹਨ ਤੇ ਆਪਣੀਆਂ ਸਾਰੀਆਂ ਹੀ ਸੁਰਤੀਆਂ ਭੁਲ ਜਾਂਦੇ ਹਨ। ਪ੍ਰਕ੍ਰਿਤੀ ਉਨ੍ਹਾਂ ਲਈ ਇਕ ਸ਼ਦੀਵੀ ਮਿਠਾਸ ਤੇ ਸੀਤਲਤਾ ਦਾ ਸ੍ਰੋਤ ਹੈ। ਕੁਦਰਤ ਠੀਕ ਹੀ ਬਲਵਾਨ ਪ੍ਰਭਾਵ ਰਖਦੀ ਹੈ, ਇਹ ਮਨੁਖ ਨੂੰ ਆਪਣੇ ਵਿਚ ਅਨੁਮਾਦਿਤ ਕਰ ਲੈਂਦੀ ਹੈ। ਪਰ ਸਹਿਰਾਈ ਮਿਸਰਾਂ ਭਰੀ ਪ੍ਰਕ੍ਰਿਤੀ ਵਿਚ ਵਿਚਰਦਾ ਹੋਇਆ ਵੀ ਮਾਨਸਿਕ ਤੌਰ ਤੇ ਅਸ਼ਾਂਤ ਹੈ। ਸ਼ਾਂਤ ਵਾਤਾਵਰਣ ਉਸ ਦੇ ਅੰਤਰੀਵ ਤੂਫਾਨਾਂ ਨੂੰ ਸਗੋਂ ਤੀਬਰ ਬਣਾਉਂਦਾ ਹੈ, ਕਿਉਂਕਿ ਅਜ ਮਾਨਵ ਹਿਰਦਾ ਪੀੜਿਤ ਹੈ, ਤਦੇ ਹੀ ਤਾਂ ਉਹ ਲਿਖਦਾ ਹੈ :—

"ਜ਼ਖਮੀ ਹਿਕ ਮਨੁਖ ਦੀ
ਕੁਦਰਤ ਨਾ ਕੋਈ ਖੇਦ
ਤਾਂ ਫਿਰ ਜਾਦੂ ਕਿੰਜ ਇਹ
ਸੁਰਤ ਮੇਰੀ ਨਸ਼ਿਆਣ ?"

ਸਹਿਰਾਈ ਦਾ ਕਾਵਿ-ਅਰੰਭ ਇਕ ਪ੍ਰੀਤ-ਕਵੀ ਦੇ ਤੌਰ ਤੇ ਹੋਇਆ, ਅੱਜ ਵੀ ਸਹਿਰਾਈ ਆਂਤਰਿਕ ਤੌਰ ਤੇ ਪ੍ਰੀਤ ਦਾ ਹੀ ਕਵੀ ਤੇ ਗੀਤਕਾਰ ਹੈ। ਉਸ ਦੇ ਆਪਣੇ ਆਖਣ ਅਨੁਸਾਰ ਪਿਆਰ ਇਕ ਸਦੀਵੀ ਪ੍ਰੇਰਨਾ ਹੈ ਤੇ ਸ਼ਾਦੀ ਹੀ ਇਸ ਦੀ ਮੰਜ਼ਲ ਨਹੀਂ। ਸਹਿਰਾਈ ਨੇ ਕਦੀ ਕਿਸੇ 'ਸ਼ਾਂਤੀ' ਨੂੰ ਪਿਆਰ ਕੀਤਾ ਸੀ, ਅਜ ਉਹ ਇਸ ਤੋਂ ਸਹਿਸਰ ਕੋਹਾਂ ਦੂਰ ਹੈ, ਪਰ ਉਸ ਦੀਆਂ ਪਿਆਰ ਤਣਾਵਾਂ ਅੱਜ ਵੀ ਸਹਿਰਾਈ

ਦਿਲ ਵਿਚ ਪ੍ਰੀਤ-ਕਸਕਾਂ ਪਾਉਂਦੀਆਂ ਹਨ। ਖਬਰੇ ਕਿੰਨੀਆਂ ਕਵਿਤਾਵਾਂ ਕਵੀ ਨੇ ਉਸ ਨੂੰ ਮੁਖ ਰਖ ਕੇ ਲਿਖੀਆਂ ਹਨ। ਪਰ ਉਸ ਦਾ ਪਿਆਰ ਉਸ ਦੀਆਂ ਅਜ ਤਕ ਲਿਖੀਆਂ ਸਭ ਕਵਿਤਾਵਾਂ ਦੀ ਆਤਮਾ ਹੈ। ਉਸ ਦੀ ਪਿਆਰ-ਕਵਿਤਾ ਵਿਚ ਵਿਕਾਸ ਹੈ। ਪਹਿਲਾਂ ਕਦੀ ਉਸ ਲਿਖਿਆ :–

ਤੂੰ ਮੇਰੇ ਜੀਵਨ ਦੀ ਜੋਤੀ
ਤੇ ਆਸਾਂ ਦਾ ਤਾਰਾ, ਚਾਨਣ ਸਾਰਾ
ਤੂੰ ਮੇਰੀ ਕਵਿਤਾ ਦੀ ਰੂਹ ਏਂ
ਗੀਤਾਂ ਦਾ ਰਸ ਸਾਰਾ, ਜਿੰਦ ਹੁਲਾਰਾ।
ਤੇਰੇ ਬਿਨ ਦਿਲ ਸਖਣਾ ਸਖਣਾ
ਜਿਵੇਂ ਗਗਨ ਬੇਤਾਰਾ, ਚਾਨਣ ਵਾਹਰਾ
ਭਠ ਖੇੜਿਆਂ ਦਾ ਰਹਿਣਾ ਤੈਂ ਬਿਨ
ਸਥਰ ਤੇਰਾ ਪਿਆਰਾ, ਮੁਰਗ ਪਿਆਰਾ।"

ਇੰਨੀ ਸਾਦਗੀ ਨਾਲ ਬਹੁਤ ਘਟ ਕਵੀ ਆਪਣਾ ਪਿਆਰ ਪ੍ਰਗਟ ਕਰ ਸਕੇ ਹਨ। ਪਰ ਸਹਿਰਾਈ ਦਾ ਪਿਆਰ ਇਕ ਹੀ ਥਾਂ ਕੇਂਦਰਿਤ ਨਹੀਂ। ਸ਼ਾਦੀ ਕਰ ਸਕਣ ਦੀ ਸਮਰਥਾ ਰਖਦਿਆਂ ਹੋਇਆਂ ਵੀ ਉਸ ਸ਼ਾਦੀ ਨਹੀਂ ਕੀਤੀ। ਕਿਉਂਕਿ ਜਿਵੇਂ ਉਹ ਆਪ ਆਖਦਾ ਹੈ, "ਕਰੂਪ ਕੁੜੀ ਮੈਨੂੰ ਪਸੰਦ ਨਹੀਂ ਸੀ ਤੇ ਕਿਸੇ ਸਰੂਪ ਕੁੜੀ ਦੀ ਜ਼ਿੰਦਗੀ ਮੈਂ ਬਰਬਾਦ ਨਹੀਂ ਸਾਂ ਕਰਨੀ ਚਾਹੁੰਦਾ।" ਇਹ ਬਹੁਤ ਸੋਹਣਾ ਆਦਰਸ਼ ਹੈ ਤੇ ਸਹਿਰਾਈ ਆਪਣਾ ਸਾਰਾ ਪਿਆਰ ਇਸ ਸਮਾਜ ਨੂੰ ਦੇਂਦਾ ਹੈ। ਪਹਿਲਾਂ ਠੀਕ ਉਸ ਵਿਅਕਤੀਗਤ ਭਾਵਨਾ ਦੇ ਗੀਤ ਗਾਏ ਹਨ। ਪਰ ਅਜ ਉਸਦੇ ਪਿਆਰ-ਗੀਤਾਂ ਦੀ ਨੁਹਾਰ ਬਦਲ ਗਈ ਹੈ। ਉਹ ਆਪਣੇ ਵਿਸ਼ਾਦ ਤੋਂ ਉੱਚਾ ਉੱਠ ਵਿਸ਼ਾਲ ਦ੍ਰਿਸ਼ਟੀ-ਕੋਣ ਅਪਨਾਉਂਦਾ ਹੈ। ਇਕ ਸਹਿਰਾਈ ਹੀ ਨਹੀਂ, ਜੋ ਇਸ ਢਾਂਚੇ ਦੀਆਂ ਯਖ ਦੀਵਾਰਾਂ ਕਾਰਨ ਦੁਖੀ ਹੈ, ਇਥੇ ਤਾਂ "ਦੁਖ ਸਬਾਇਐ ਜਗ" ਵਾਲੀ ਗਲ ਹੈ। ਸਾਮਵਾਦੀ ਪਾਰਟੀ ਵਿਚ ਰਹਿ ਕੇ ਕਵੀ ਹੁਣ ਦੂਜਿਆਂ ਦੀ ਪਿਆਰ-ਪੀੜਾ ਦਾ ਅਨੁਭਵ ਕਰਦਾ ਹੈ। ਉਹ ਲਿਖਦਾ ਹੈ :--

"ਜ਼ਿੰਦਗੀ ਦੇ ਮਾਰੂਥਲ ਅੰਦਰ
ਇਕੋ ਮੈਂ ਨਾ ਮੁੱਕੀ
ਇਥੇ ਤਾਂ ਨਿਤ ਲੱਖਾਂ ਸੱਸੀਆਂ
ਵਿਲਕ ਵਿਲਕ ਕੇ ਮਰੀਆਂ ਹੋ।"

ਜੇ ਉਸ ਦੀ ਪਿਆਰ ਕਵਿਤਾ ਤੇ ਸਮਾਜਵਾਦੀ ਕਵਿਤਾ ਵਿਚ ਤੁਲਨਾ ਕੀਤੀ ਜਾਵੇ ਤਾਂ ਮੇਰਾ ਇਹ ਵਿਚਾਰ ਹੈ ਕਿ ਉਸ ਦੀ ਪਿਆਰ ਕਵਿਤਾ ਵਿਚ ਜ਼ਿਆਦਾ

ਰਵਾਨੀ ਹੈ। ਕਿਉਂਕਿ ਅੰਤ੍ਰੀਵ ਤੌਰ ਤੇ ਸਹਿਰਾਈ ਪ੍ਰੇਮ-ਪਿਆਰ ਭਰਿਆ ਜੀਵ ਹੈ। ਸਮਾਜਵਾਦੀ ਕਵਿਤਾ ਵਿਚ ਉਹ ਕਈ ਵੇਰ ਨਾਅਰੇ ਵੀ ਲਾਂਦਾ ਹੈ ਤੇ ਕਿਤੇ ਕਿਤੇ ਉਸ ਦੀ ਸਮਾਜਵਾਦੀ ਕਵਿਤਾ ਵਿਚ ਪ੍ਰੀਤ-ਕਵਿਤਾ ਵਰਗੀ ਰਵਾਨੀ ਨਹੀਂ ਹੁੰਦੀ, ਸਕਤਾ ਆ ਜਾਂਦਾ ਹੈ। ਸਮਾਜਵਾਦੀ ਕਵਿਤਾ ਵਿਚ ਉਹ ਕੁਝ ਖਾਸ ਵਿਚਾਰ ਦੇਣਾ ਚਾਹੁੰਦਾ ਹੈ, ਪਰ ਪਿਆਰ ਤਾਂ ਇਕ ਅੰਦਰੋਂ-ਫੁਟਿਆ ਸੋਮਾ ਹੈ।

ਸਹਿਰਾਈ ਇਸ ਯੁੱਗ ਦਾ ਪ੍ਰਮੁਖ ਗੀਤ-ਕਾਰ ਹੈ। ਉਹਦੇ ਗੀਤ ਕਿਸੇ ਸੋਹਣੀ ਦੀ ਤੋਰ, ਉਹਦੀਆਂ ਝਾਂਜਰਾਂ ਤੇ ਸਪਣੀ ਵਰਗੀ ਗੁੱਤ ਤੇ ਹੀ ਸੀਮਤ ਨਹੀਂ ਹੁੰਦੇ, ਸਗੋਂ ਆਪਣੇ ਵਿਚ ਵਿਸ਼ਵ-ਵੇਦਨਾ ਰਖਦੇ ਹਨ। ਸਹਿਰਾਈ ਇਸ ਯੁੱਗ ਦਾ ਪ੍ਰਤੀਨਿਧ ਕਵੀ ਹੈ, ਜੋ ਸਮੇਂ ਦੀਆਂ ਨਾੜਾਂ ਪਛਾਣਦਾ ਹੈ ਤੇ ਆਉਣੀ ਵਾਲੀ ਸੋਨ-ਸੁਨਹਿਰੀ-ਸਵੇਰ ਨੂੰ ਚਿਤ੍ਰਦਾ ਹੈ।

—

ਪੰਜਾਬੀ ਸਾਹਿੱਤ ਅਕਾਡਮੀ ਦੀ ਨਵੀਂ ਪੁਸਤਕ

**ਵਾਰ ਸ਼ਾਹ ਮੁਹੰਮਦ**

ਕ੍ਰਿਤ

ਪ੍ਰਿੰਸੀਪਲ ਸੀਤਾ ਰਾਮ ਕੋਹਲੀ ਤੇ ਪ੍ਰੋ: ਸੇਵਾ ਸਿੰਘ

ਛੱਪ ਕੇ ਤਿਆਰ ਹੈ।

ਮੁਲ ਕੇਵਲ ੪)

ਭੇਜਣ ਲਈ ਲਿਖੋ :

ਸਕੱਤਰ

ਪੰਜਾਬੀ ਸਾਹਿੱਤ ਅਕਾਡਮੀ

੫੫੫ ਮਾਡਲ ਟਾਊਨ, ਲੁਧਿਆਣਾ।

ਜੁਗਿੰਦਰ ਰਾਹੀ ਐਮ. ਏ.—

# ਨਾਟਕਕਾਰ ਅਮਰੀਕ ਸਿੰਘ ਦਾ ਸਥਾਨ

ਪੰਜਾਬੀ ਨਾਟਕ-ਸਾਹਿੱਤ ਦੇ ਪਿੜ ਵਿਚ ਅਮਰੀਕ ਸਿੰਘ ਨੂੰ ਉਹ ਪਦਵੀ ਅਥਵਾ ਪ੍ਰਸਿੱਧੀ ਨਸੀਬ ਨਹੀਂ ਹੋਈ, ਜੋ ਸਾਡੇ ਕੁਝ ਇਕ ਪਹਿਲੀ ਕਤਾਰ ਦੇ ਨਾਟਕਕਾਰਾਂ ਦੀ ਸ਼ਖਸੀਅਤ ਨਾਲ ਸੰਬੰਧਿਤ ਹੈ। ਅਤੇ ਇਹ ਇਕ ਸ਼ੋਕ-ਮਈ ਸਾਹਿੱਤਕ ਘਟਨਾ ਹੈ, ਕਿਉਂਕਿ ਅਮਰੀਕ ਸਿੰਘ ਦੀ ਨਾਟਕੀ ਪ੍ਰਤਿਭਾ ਵਿਚ ਸਿਰਜਨਾਤਮਕਤਾ ਦੇ ਕੁਝ ਅਜਿਹੇ ਸੋਮੇ ਪ੍ਰਾਪਤ ਹਨ, ਜੋ ਸਾਡੇ ਹੋਰ ਨਾਟਕਕਾਰਾਂ ਦੇ ਹਿੱਸੇ ਵਿਚ ਨਹੀਂ ਆਏ, ਪਰ ਜਿਨ੍ਹਾਂ ਦੀ ਅਹਿਮੀਅਤ ਪ੍ਰਤੀ ਸਾਡੇ ਆਲੋਚਕਾਂ ਦਾ ਅਹਿਸਾਸ ਅਜੇ ਯੋਗ ਭਾਂਤ ਜਾਗਿਆ ਨਹੀਂ। ਕਲਾਕਾਰ ਨੂੰ ਉਸ ਦੇ ਉਚਿਤ ਹੱਕਾਂ ਤੋਂ ਵਾਂਜਿਆਂ ਰੱਖਣਾ ਸਿਰਫ ਕਲਾਕਾਰ ਨਾਲ ਹੀ ਅਨਿਆਂ ਨਹੀਂ ਹੁੰਦਾ, ਸਗੋਂ ਉਸ ਦੀ ਅਨੁਭਵੀ ਸ਼ਖਸੀਅਤ ਵਿਚ ਵਿਦਮਾਨ ਸੰਭਾਵਨਾਵਾਂ ਦੇ ਘਾਤ ਦਾ ਰੂਪਕ ਵੀ ਹੁੰਦਾ ਹੈ। ਇਸ ਵਿਚਾਰ-ਪ੍ਰਕਰਣ ਵਿਚ ਅਮਰੀਕ ਸਿੰਘ ਦੀ ਸਾਹਿੱਤਕ ਦੇਣ ਦਾ ਮੂਲਿਅੰਕਨ ਇਕ ਗੰਭੀਰ ਲੋੜ ਹੈ।

ਆਧੁਨਿਕ ਯੁੱਗ ਦੇ ਮਨੁੱਖ ਨੇ ਸਾਮਾਜਿਕ ਪ੍ਰਗਤੀ ਦੀ ਪ੍ਰਕ੍ਰਿਆ ਦੇ ਵਿਸ਼ਾਲ ਇਤਿਹਾਸਕ ਸਰਵੇਖਣ ਦੁਆਰਾ ਜੀਵਨ-ਗਤੀ ਦਾ ਰਹੱਸ ਬੁੱਝ ਲਇਆ ਹੈ। ਜਿਸ ਅਨੁਸਾਰ ਮਨੁੱਖੀ ਕਦਰਾਂ ਕੋਈ ਗਤੀ-ਰਹਿਤ ਵਸਤੂ ਨਹੀਂ ਹਨ, ਸਗੋਂ ਗਤੀ-ਸ਼ੀਲ ਹਨ। ਮਨੁੱਖੀ ਕਦਰਾਂ ਦੀ ਗਤੀ-ਸ਼ੀਲਤਾ ਆਰਥਕ ਗਤੀ ਦੀ ਪ੍ਰਕ੍ਰਿਤੀ ਅਨੁਸਾਰ ਨਿਸਚਿਤ ਹੁੰਦੀ ਹੈ। ਇਹੋ ਕਾਰਣ ਹੈ ਕਿ ਅੱਜ ਦਾ ਅਗਰਗਾਮੀ ਸਾਹਿੱਤਕਾਰ ਜਾਂ ਚਿੰਤਕ ਉਨ੍ਹਾਂ ਸ਼੍ਰੇਣੀ-ਗਤ ਸ਼ਕਤੀਆਂ ਦੀ ਉਤੇਜਨਾ ਨੂੰ ਸਵੈ-ਚੇਤੰਨਤਾ ਦੀ ਬੁਨਿਆਦੀ ਸ਼ਰਤ ਮੰਨਦਾ ਹੈ, ਜੋ ਆਰਥਿਕ ਗਤੀ ਨੂੰ ਲੋਕ-ਸਮੂਹ ਦੇ ਹਿੱਤ ਵਿਚ ਤੋਰਦੀਆਂ ਹਨ। ਮਨੁੱਖੀ ਕਦਰਾਂ ਦਾ ਵਿਰੋਧ ਤੇ ਸਮਰਥਣ ਵਿਰੋਧੀ ਆਰਥਿਕ ਹਿੱਤਾਂ ਅਨੁਸਾਰ ਬਣੀਆਂ ਦੋ ਵਿਰੋਧੀ ਸ਼੍ਰੇਣੀਆਂ ਦੇ ਸਾਮਾਜਿਕ ਕਰਮ ਵਿਚ ਰੂਪਮਾਨ ਹੁੰਦਾ ਹੈ। ਕਲਾਕਾਰ ਦੀ ਕਲਾ-ਸ਼ਕਤੀ ਇਨ੍ਹਾਂ ਕਦਰਾਂ ਦੀ ਸਮਰਥਕ ਸ਼੍ਰੇਣੀ ਦੇ ਛਾਬੇ ਵਿਚ ਬਹਿਣ ਨੂੰ ਹੀ ਕਰਮ-ਸੁਚੇਤਨਾ ਦਾ ਪ੍ਰਮਾਣ ਮੰਨਦੀ ਹੈ।

ਪਰੰਤੂ ਕਲਾ ਨੂੰ ਜਦੋਂ ਜੀਵਨ-ਸੰਘਰਸ਼ ਦੀ ਉਤੇਜਨਾ ਲਈ ਵਰਤਿਆ ਜਾਂਦਾ

ਹੈ ਤਾਂ ਭਵਿੱਖਤ ਦੀਆਂ ਸੁਨਹਿਰੀ ਹੋਣੀਆਂ ਦੀ ਪ੍ਰਾਪਤੀ ਲਈ ਪਦਾਰਥਕ ਕੀਮਤਾਂ ਦਾ ਬੌਧਿਕ ਵਿਸ਼ਲੇਸ਼ਣ ਕੋਈ ਅਵਸ਼ਕ ਨਿਯਮ ਨਹੀਂ। ਅਸਲ ਲੋੜ ਇਨ੍ਹਾਂ ਹੋਣੀਆਂ ਨੂੰ ਕਲਪਣਾ ਦੁਆਰਾ ਸੁਝਾ ਕੇ ਸਮੇਂ ਦੀਆਂ ਚ੍ਰਿਤਰਾਤਕ ਹੋਣੀਆਂ ਨੂੰ ਕੱਟਣ ਦੀ ਹੁੰਦੀ ਹੈ। ਪਦਾਰਥਕ ਕੀਮਤਾਂ ਦਾ ਕਾਰਜ ਤਾਂ ਆਪਣੇ ਆਪ ਹੀ ਨਿਭਦਾ ਰਹਿੰਦਾ ਹੈ। ਕਲਾ ਦਾ ਕਰਤਵ ਯੋਗ ਭਾਂਤ ਤਾਂ ਹੀ ਨਿਭਦਾ ਹੈ, ਜੇ ਜੀਵਨ-ਘੋਲ ਪ੍ਰਤੀ ਕਰਮ-ਸ਼ੀਲਤਾ ਦੀ ਅਵਸ਼ਕਤਾ ਦਾ ਅਹਿਸਾਸ ਸਿਧਾਂਤਕ ਅਗਵਾਈ ਨੂੰ ਭਾਰੂ ਰਖ ਕੇ ਨਹੀਂ, ਸਗੋਂ ਅਚੇਤ ਰਖ ਕੇ ਜਗਾਇਆ ਜਾਵੇ। ਪਦਾਰਥਕ ਕੀਮਤਾਂ ਦੀ ਬੌਧਿਕ ਵਿਆਖਿਆ ਦਿਮਾਗ਼ੀ ਸਪਸ਼ਟਤਾ ਤਾਂ ਨਿਰਸੰਦੇਹ ਪ੍ਰਦਾਨ ਸਕਦੀ ਹੈ, ਪਰ ਭਾਵਾਤਮਕ ਪ੍ਰਤਿਪਾਦਨ ਦੇ ਅਭਾਦ ਕਾਰਣ ਇਹ ਮਨੁੱਖੀ ਚੇਤਨਾ ਵਿਚ ਇਕ ਅਜਿਹੀ ਖ਼ਿਆਲੀ ਸੰਤੁਸ਼ਟਤਾ ਪੈਦਾ ਕਰ ਦੇਂਦੀ ਹੈ ਜੋ ਭਵਿੱਖ-ਵਿਆਪੀ ਹੋਣੀਆਂ ਦੇ ਖ਼ਿਆਲੀ ਦਰਸ਼ਨਾਂ ਦੀ ਦੇਣ ਹੁੰਦੀ ਹੈ। ਸਾਡੇ ਸਾਹਿੱਤ ਵਿਚ ਬੌਧਿਕ ਅਪਸਾਰ ਦੀ ਰੁਚੀ ਕੁਝ ਇਸ ਖਿਆਲੀ ਸੰਤੁਸ਼ਟਤਾ ਕਾਰਣ ਹੀ ਵਿਆਪਕ ਹੈ।

ਅਮਰੀਕ ਸਿੰਘ ਕਲਾ ਦੀ ਪ੍ਰੇਰਣਾ ਦੇ ਇਨ੍ਹਾਂ ਗੁਪਤ ਅਮਲਾਂ ਤੋਂ ਯੋਗ ਭਾਂਤ ਚੇਤੰਨ ਹੈ, ਜਿਸ ਕਾਰਣ ਉਸ ਦੇ ਨਾਟਕਾਂ ਵਿਚ ਅਜੋਕੇ ਮਨੁੱਖ ਦੀ ਚੇਤੰਨਤਾ ਇਕ ਨਰੋਈ ਗਤੀ ਵਿਚ ਸਾਕਾਰ ਹੁੰਦੀ ਹੈ। ਉਹ ਸਾਮਾਜਿਕ ਪ੍ਰਗਤੀ ਦੀਆਂ ਸਿੱਧਾਂਤਕ ਸੇਧਾਂ ਨੂੰ ਭਾਵਾਤਮਿਕ ਸੇਧਾਂ ਦੀ ਕਲਾਰਥੀ ਅਧੀਨਤਾ ਵਿਚ ਪੇਸ਼ ਕਰਦਾ ਹੈ। ਇਨ੍ਹਾਂ ਭਾਵਾਤਮਿਕ ਸੇਧਾਂ ਵਿਚ ਇਕ ਅਜਿਹਾ ਅੰਤ੍ਰੀਵ ਤਰਕ ਵਿਦਮਾਨ ਹੈ, ਜੋ ਮਨੁੱਖੀ ਭਾਵਾਂ ਦਾ ਖ਼ਿਆਲੀ ਉੱਚਾਤੀਕਰਣ **(Sublimation)** ਕਰਨ ਵਾਲੇ ਰੁਮਾਂਸਕ ਤੇ ਬੌਧਿਕ ਅਪਸਾਰ ਦੇ ਟਾਕਰੇ ਵਿਚ ਇਕ ਸਾਰਥਕ ਵਿਕਲਪ **(Alternative)** ਹੈ।

ਅਮਰੀਕ ਸਿੰਘ ਦੀ ਜੀਵਨ-ਸੂਝ ਉਸ ਦੇ ਨਾਟਕਾਂ ਵਿਚੋਂ ਤਿੰਨ ਪ੍ਰਕਾਰ ਦੇ ਪ੍ਰਭਾਵ-ਰੂਪਾਂ ਵਿਚ ਉਜਾਗਰ ਹੁੰਦੀ ਹੈ :

੧. ਦੁਖਾਂਤ।

੨. ਸੁਖਾਂਤ ਤੇ

੩. ਵਿਅੰਗ ਜਾਂ ਮਸ਼ਕਰੀ।

ਕਈ ਨਾਟਕਾਂ ਵਿਚ ਇਹ ਪ੍ਰਭਾਵ ਬੜੇ ਨਿਸਚਿਤ ਤੇ ਨਿਖੜਵੇਂ ਰੂਪ ਵਿਚ ਪ੍ਰਾਪਤ ਹੁੰਦੇ ਹਨ, ਪਰ ਕਈਆਂ ਵਿਚ ਮਿਸਰਤ ਰੂਪ ਧਾਰਨ ਕਰ ਗਏ ਹਨ। ਉਦਾਹਰਣ ਵਜੋਂ "ਆਂਦਰਾਂ, "ਪੀੜਾਂ", "ਮਹਾਰਾਜਾ ਦੀ ਜੈ" ਤੇ "ਪ੍ਰਛਾਵਿਆਂ ਦੀ ਪਕੜ" ਵਿਚ ਦੁੱਖਾਤਮਿਕ ਪ੍ਰਭਾਵ ਅਤੇ "ਸ਼ਰਤ", "ਅੱਖ ਅੱਗੇ ਰੱਖ" ਤੇ "ਖ਼ਾਹ-ਮਖ਼ਾਹ" ਆਦਿ ਵਿਚ ਵਿਅੰਗ ਬੜਾ ਸਪਸ਼ਟ ਤੇ ਨਿਖੜਵਾਂ ਹੈ। ਪਰ ਕੁਝ ਹੋਰ ਨਾਟਕਾਂ

ਜਿਵੇਂ ਕਿ "ਸ਼ਰਣਾਰਥੀ ਦਾ ਕੋਟ" "ਤਾਸ਼ ਦੀ ਬਾਜ਼ੀ", "ਰਾਹਾਂ ਦੇ ਨਿਖੇੜ ਤੇ", ਅਤੇ "ਅਨੁਰਾਗ" ਵਿਚ ਇਹ ਪ੍ਰਭਾਵ ਮਿਸਰਤ ਰੂਪ ਵਿਚ ਪ੍ਰਾਪਤ ਹੁੰਦੇ ਹਨ। ਵਾਸਤਵ ਵਿਚ ਇਨ੍ਹਾਂ ਅੰਤਰ-ਸ਼ਾਲੀ ਪ੍ਰਭਾਵਾਂ ਦੀ ਵਰਤੋਂ ਕੇਵਲ ਭਿੰਨ ਭਿੰਨ ਵਿਸ਼ਿਆਂ ਦੇ ਨਾਟਕੀ ਨਿਭਾ ਵਿਚ ਲੁੜੀਂਦੀ ਸਫ਼ਲਤਾ ਪ੍ਰਾਪਤ ਕਰਨ ਦੀ ਵਿਧੀ ਹੈ, ਕਿਉਂਕਿ ਹਰ ਨਾਟਕ ਵਿਚ ਇਨ੍ਹਾਂ ਬਾਹਰਮੁਖੀ ਪ੍ਰਭਾਵਾਂ ਦੇ ਅੰਤਰਗਤ ਇਕ ਸਰਵ-ਸਾਂਝੀ ਗੁਪਤ ਪ੍ਰਭਾਵ-ਰੂਪੀ ਆਤਮਾ ਵੀ ਪ੍ਰਾਪਤ ਹੈ। ਹਰ ਪ੍ਰਭਾਵ ਵਿਚੋਂ ਇਕ ਅਜਬ ਪ੍ਰਕਾਰ ਦਾ ਅਚੇਤ ਜਿਹਾ ਕਰੁਣਾ ਰਸ ਸਾਡੇ ਅੰਤਹਕਰਣ ਨੂੰ ਟੁੰਬਦਾ ਹੈ। ਇਹ ਕਰੁਣਾ ਰਸ ਅਮਰੀਕ ਸਿੰਘ ਦੇ ਭਾਵਾਂ ਤੇ ਬੁੱਧੀ ਦੇ ਆਦਰਸ਼ਕ ਸੰਗਮ ਪੁਰ ਲਹਿਰਾਉਂਦੀ ਚੇਤੰਨਤਾ ਦਾ ਸਾਰਥਕ ਉਬਾਲ ਹੈ, ਜੋ ਅਚੇਤ ਰੂਪ ਵਿਚ ਹੀ ਏਨਾ ਬਲਵਾਨ ਹੁੰਦਾ ਹੈ ਕਿ ਅਮਰੀਕ ਸਿੰਘ ਦੇ ਨਾਟਕਾਂ ਦਾ ਅਸਲ ਪ੍ਰਭਾਵ ਬਣ ਨਿਬੜਦਾ ਹੈ। ਕਰੁਣਾ ਦੇ ਅਚੇਤ ਰੂਪ ਵਿਚ ਸੁਚੇਤਨਾ ਦੀ ਇਹ ਜਾਗ ਅਮਰੀਕ ਸਿੰਘ ਦੀ ਪੱਕੀ ਹੋਈ ਸੂਝ ਦਾ ਪ੍ਰਮਾਣ ਹੈ, ਕਿਉਂਕਿ ਕਰੁਣਾ-ਭਾਵ ਮਨੁੱਖੀ ਆਤਮਾ ਨੂੰ ਦ੍ਰਵਿਤ ਕਰਨ ਦੀ ਭਾਰੀ ਸਮਰਥਾ ਦੇ ਧਾਰਨੀ ਹਨ।

"ਆਂਦਰਾਂ" ਇਕਾਂਗੀ ਵਿਚ ਪੇਸ਼ ਕੀਤਾ ਗਇਆ ਦੁਖਾਂਤ ਸੰਨ ਸੰਤਾਲੀ ਦੇ ਖੂਨੀ ਫਸਾਦਾਂ ਵਿਚ ਮਨੁਖ ਦੀਆਂ ਪਵਿਤਰ ਸਾਂਝਾਂ ਨਾਲ ਵਾਪਰੇ ਅਣਗਿਣਤ ਹਾਦਸਿਆਂ ਦੀ ਪ੍ਰਤਿਨਿਧ ਤਸਵੀਰ ਹੈ। ਜ਼ਿੰਦਗੀ ਦੇ ਰਾਂਝੇ ਮਜ਼ਹਬੀ ਜਨੂਨ ਦੇ ਕਲਾਵੇ 'ਚੋਂ ਬਾਹਰ ਨਿਕਲ ਕੇ ਦੋਸਤੀ ਦੇ ਮੰਦਰ ਦੀ ਸੁਰੱਖਿਆ ਹਿੱਤ ਜੀਵਨ ਦੀ ਹਰ ਕੁਰਬਾਨੀ ਦੇਣ ਲਈ ਤਤਪਰ ਸਨ, ਪਰ ਹਾਲਾਤ ਦੀ ਵਹਿਸ਼ਤ ਨੇ ਉਨ੍ਹਾਂ ਨੂੰ ਬੇਬਸੀ ਦੇ ਸਮੁੰਦਰਾਂ ਵਿਚ ਡੋਬ ਦਿੱਤਾ। ਜਾਬਰ ਹੋਣੀਆਂ ਅਗੇ ਗੋਡੇ ਟੇਕਣ ਉੱਤੇ ਮਜਬੂਰ ਕਰ ਦਿੱਤਾ। ਨਾਟਕਕਾਰ ਨੇ ਦੁਖਾਂਤ ਨੂੰ ਭਾਵੇਂ ਕਿਸੇ ਸਿਧਾਂਤਕ ਵਿਸ਼ਲੇਸ਼ਣ ਦੀ ਪ੍ਰਿਸ਼ਟ-ਭੂਮੀ ਵਿਚ ਰੱਖ ਕੇ ਨਹੀਂ ਵਾਚਿਆ, ਪਰ ਇਸ ਅਭਾਵ ਨੂੰ ਹੀ ਇਸ ਨਾਟਕ ਦੀ ਖੂਬੀ ਸਮਝਦੇ ਹੋਏ ਪ੍ਰਿੰਸੀਪਲ ਤਾਲਿਬ ਕਹਿੰਦੇ ਹਨ :-

> "ਇਸ ਦੁੱਖ ਦੀ ਫੋਲੀ ਕਿਸੇ ਨੇੜੇ ਪਏ ਦ੍ਰਿਸ਼ਟੀਕੋਣ ਤੋਂ ਨਹੀਂ ਕੀਤੀ ਗਈ, ਜ਼ਿੰਦਗੀ ਬਾਰੇ ਨੀਵੀਂ ਬੌਧਿਕ ਪੱਧਰ ਤੋਂ ਸਿੱਟੇ ਨਹੀਂ ਕਢੇ ਗਏ।"

ਅਤ ਦੀ ਦੁਖਾਂਤਕ ਘਟਨਾ ਦੇ ਇਸ ਕਲਾਤਮਿਕ ਚਿਤਰ ਵਿਚੋਂ ਇਕ ਅਜਿਹੀ ਸਾਹਸਜਨਕ ਪ੍ਰੇਰਣਾ ਸਾਕਾਰ ਹੁੰਦੀ ਹੈ, ਜਿਸ ਦਿਆਂ ਪੈਰਾ ਵਿਚ ਪ੍ਰਗਤੀ ਦੀਆਂ ਰਾਹਾਂ ਆਪ ਆ ਖਲੋਂਦੀਆਂ ਹਨ।

"ਸ਼ਰਣਾਰਥੀ ਦਾ ਕੋਟ" ਇਕਾਂਗੀ ਵਿਚ ਅਮਰੀਕ ਸਿੰਘ ਦੇਸ਼ ਦੀ ਵੰਡ ਤੇ ਫਸਾਦਾਂ ਦੇ ਦੁਖਾਂਤਕ ਸਿਟਿਆਂ ਉੱਤੇ ਇਕ ਨਾਟਕੀ ਝਾਤ ਪਵਾਉਂਦਾ ਹੈ, ਜਿਸ ਦਾ ਰੂਪ ਹਾਸਰਸੀ ਹੈ ਪਰ ਆਤਮਾ ਕਰੁਣਾਤਮਿਕ । ਸ਼ਰਨਾਰਥੀਆਂ ਨੂੰ ਆਰਥਿਕ ਔਕੜਾਂ

ਕਾਰਣ ਬੜੀ ਤਰਸ-ਯੋਗ ਹਾਲਤ ਵਿਚ ਗੱਡੀ ਵਿਚ ਸਫ਼ਰ ਕਰਦਿਆਂ, ਗ਼ਮ ਗ਼ਲਤ ਕਰਨ ਲਈ ਸ਼ਰਾਬ ਪੀਂਦਿਆਂ ਤੇ ਫਿਰ ਇਕ ਮਾਮੂਲੀ ਕੋਟ ਉੱਤੇ ਝਗੜਦਿਆਂ ਵਿਖਾ ਕੇ ਅੰਤ ਵਿਚ ਅਮਰੀਕ ਸਿੰਘ ਇਕ ਪ੍ਰਬਲ ਵਿਅੰਗ ਦੀ ਸਿਰਜਣਾ ਨੂੰ ਪੁੱਜਦਾ ਹੈ। ਚਿਤਰ ਕੇਵਲ ਸ਼ਰਨਾਰਥੀਆਂ ਦੀਆਂ ਮਜਬੂਰੀਆਂ ਦਾ ਨਿਰੂਪਣ ਕਰਦਾ ਹੈ ਤੇ ਇਨ੍ਹਾਂ ਮਜਬੂਰੀਆਂ ਦੀਆਂ ਜ਼ਿਮੇਵਾਰ ਪਰਿਸਥਤੀਆਂ ਦੀਆਂ ਜੜ੍ਹਾਂ ਤੱਕ ਨਹੀਂ ਪੁਜਦਾ। ਪਰ ਕਿਉਂਕਿ "ਹਰ ਮੁਸਾਫ਼ਰ ਇਕ ਖ਼ਾਸ ਕਿਸਮ ਦੀ ਅਵਸਥਾ ਦਾ ਪ੍ਰਤਿਨਿਧ ਹੈ ਤੇ ਆਪਣੇ ਆਪ ਵਿਚ ਉਨ੍ਹਾਂ ਖਿੱਚਾਂ ਤੇ ਰਗੜਾਂ ਦਾ ਸੂਚਕ ਹੈ ਜਿਹੜੀਆਂ ਤਕਰੀਬਨ ਹਰ ਪੰਜਾਬੀ ਦੇ ਹਿੱਸੇ ਵਿਚ ਆਈਆਂ।" ਇਸ ਲਈ ਇਸ ਵਿਅੰਗਆਤਮਿਕ ਚਿਤਰ ਵਿਚ ਇਕ ਆਪਣਾ ਅੰਤਰੀਵ ਤਰਕ ਵਿਦਮਾਨ ਹੈ, ਜੋ ਪਰਭਾਵ-ਰੂਪ ਵਿਚ ਗਤੀ ਭਾਵੀ ਹੈ।

"ਮਹਾਰਾਜਾ ਦੀ ਜੈ" ਦਾ ਦੁਖਾਤਮਕ ਪ੍ਰਭਾਵ ਸਾਹਸ ਹੀਣਤਾ ਦੀ ਥਾਂ ਇਨਕਲਾਬੀ ਹਿੰਮਤ ਦੀ ਅਗਨੀ ਪਰਚੰਡ ਕਰਦਾ ਹੈ। ਸਿਪਾਹੀਆਂ ਦਾ ਵਤੀਰਾ ਘਿਰਣਾ ਯੋਗ ਹੈ, ਪਰ ਜਦੋਂ ਉਹ ਐਡੀਟਰ ਉੱਤੇ ਉਸ ਦੀ ਪਿਆਰੀ ਧੀ ਦੀ ਮੌਤ ਦਾ ਗ਼ਮ ਟੁੱਟਾ ਵੇਖਦੇ ਸਨ ਤਾਂ ਉਸ ਦੀ ਗ੍ਰਿਫ਼ਤਾਰੀ ਸਵੇਰ ਤਕ ਮੁਲਤਵੀ ਕਰ ਦੇਂਦੇ ਹਨ। ਸਿਪਾਹੀਆ ਵਲੋਂ ਇਹ ਰਿਆਇਤ ਗੁਪਤ ਰੂਪ ਵਿਚ ਲੋਕ-ਪਿਆਰ ਤੇ ਇਨਕਲਾਬ ਦੀ ਵਧਦੀ ਹੋਈ ਲਹਿਰ ਦੀ ਪ੍ਰਤੀਕ ਹੈ। ਮਹਾਰਾਜੇ ਦੇ ਜਬਰ ਤੋਂ ਡਰਦੇ ਉਨ੍ਹਾਂ ਦੇ ਬੋਲ ਭਾਵੇਂ "ਮਹਾਰਾਜਾ ਦੀ ਜੈ' ਮੰਗਦੇ ਹਨ, ਪਰ ਆਤਮਾ "ਲੋਕਾਂ ਦੀ ਜੈ" ਚਾਹੁੰਦੀ ਹੈ।

"ਪਰਛਾਵਿਆਂ ਦੀ ਪਕੜ" ਅਮਰੀਕ ਸਿੰਘ ਦਾ ਇਕ ਸੰਪੂਰਣ ਦੁਖਾਤਮਕ ਨਾਟਕ ਹੈ, ਜੋ ਸਾਡੇ ਸਮਾਜ ਦੀਆਂ ਦਲਤ ਸ਼੍ਰੇਣੀਆਂ ਦੇ ਪ੍ਰਤੀਕ ਤਿੰਨ ਵਿਅਕਤੀਆਂ ਉੱਤੇ ਪੂੰਜੀਪਤੀਆਂ ਵਲੋਂ ਹੋਏ ਜ਼ੁਲਮ ਨੂੰ ਚਿਤਰ ਕੇ ਸਾਂਝੀਆਂ ਮੁਸੀਬਤਾਂ ਤੇ ਸਾਂਝੇ ਵੈਰੀਆਂ ਦਾ ਪਤਾ ਦੇਂਦਾ ਹੈ, ਅਤੇ ਇਉਂ ਦਲਤ ਵਰਗ ਦੇ ਸੰਘਰਸ਼ ਨੂੰ ਪ੍ਰਜਵੱਲਤ ਕਰਦਾ ਹੈ।

'ਰਾਹਾ ਦੇ ਨਿਖੇੜ ਤੇ" ਵਿਚ ਅਮਰੀਕ ਸਿੰਘ ਗੋਰਕੀ ਵਾਂਗ ਪੂੰਜੀਪਤੀ ਕੀਮਤਾਂ ਨਾਲ ਸਮਝੌਤੇ ਦੇ ਸੰਕਲਪ ਦੇ ਵਿਰੋਧੀ ਵਜੋਂ ਸੰਘਰਸ਼ ਦੇ ਖੇਤਰ ਵਿਚ ਉਤਰਦਾ ਹੈ। ਡਾਕਟਰ ਕਪੂਰ "ਰਾਹਾਂ ਦੇ ਨਿਖੇੜ ਤੇ" ਅਜਬ ਦੁਚਿੱਤੀ ਵਿਚ ਖਲੋਤਾ ਹੈ। ਉਸ ਦੇ ਸੰਸਕਾਰ ਦੀ ਇਕ ਲੱਤ ਸਰਮਾਏਦਾਰੀ ਦੁਨੀਆਂ ਵਿਚ ਹੈ ਤੇ ਦੂਜੀ ਪ੍ਰੋਲੀਤਾਰੀ ਦੁਨੀਆਂ ਵਿਚ। ਇਸ ਸਥਿਤੀ ਵਿਚ ਡਾਕਟਰ ਕਪੂਰ ਭਾਵ-ਸੰਤੁਲਨ ਦੀ ਪ੍ਰਾਪਤੀ ਲਈ ਦੋਹਾਂ ਵਰਗਾਂ ਵਿਚਕਾਰ ਸਮਝੌਤੇ ਦੇ ਸੰਕਲਪ ਦੀ ਟੇਕ ਲੈਂਦਾ ਹੈ। ਉਸ ਦੀ ਪ੍ਰੇਰਣਾ ਅਧੀਨ ਇਕ ਵਾਰ ਤਾਂ ਮਜ਼ਦੂਰ ਵੀ ਸਮਝੌਤਾ ਕਰਨਾ ਮੰਨ ਲੈਂਦੇ ਹਨ। ਪਰ ਫਿਰ ਸਮਝੌਤੇ ਦੇ ਘਾਤਕ ਪਰਿਣਾਮ ਉਘੜ ਕੇ ਤੇ ਉਨ੍ਹਾਂ ਦੇ ਪਿਛੋਕੜ ਵਿਚ ਸਰਮਾਏਦਾਰਾਂ ਦੀ ਕੂਟਲਨੀਤੀ ਨੂੰ ਨੰਗਿਆਂ ਕਰ ਕੇ ਦਸਿਆ ਹੈ ਕਿ ਕਿਵੇਂ ਲੋਕ-

ਦੁਸ਼ਮਣ ਸਮਝੌਤੇ-ਰੂਪੀ ਚਾਲਾਂ ਦੁਆਰਾ ਲੋਕ-ਸੰਘਰਸ਼ ਤੇ ਸਿਆਹੀ ਫੇਰਦੇ ਹਨ। ਅੰਤ ਵਿਚ ਜਦੋਂ ਡਾਕਟਰ ਕਪੂਰ ਸੰਸਕਾਰਾਂ ਦੀ ਦੂਜੀ ਲੱਤ ਵੀ ਸਰਮਾਏਦਾਰਾਂ ਦੀ ਦੁਨੀਆਂ ਵਿਚੋਂ ਚੁਕ ਕੇ ਪ੍ਰੋਲੀਤਾਰੀ ਦੁਨੀਆਂ ਵਿਚ ਲੈ ਆਉਂਦਾ ਹੈ ਤਾਂ ਉਹ ਚੇਤੰਨ ਜਦੋਜਹਿਦ ਨਾਅਰਾ ਬੁਲੰਦ ਕਰਦਾ ਹੈ।

"ਅਨੁਰਾਗ" ਇਕ ਸਰੋਦੀ ਨਾਟਕ ਹੈ, ਜੋ ਮਨੁਖ ਦੇ ਵਿਅਕਤਿਗਤ ਆਪੇ ਨਾਲ ਸਬੰਧਿਤ ਉਨ੍ਹਾਂ ਸੂਖਮਤਮ ਪਿਆਰ ਭਾਵਾਂ ਦੇ ਅਜਬ ਵੇਗਾਂ ਦਾ ਪ੍ਰਗਟਾ ਕਰਦਾ ਹੈ ਜੋ ਅਜਲ ਤੋਂ ਕਿਆਮਤ ਤੱਕ ਸਥਾਈ ਹਨ।

"ਸ਼ਰਤ" ਮਲਕ ਸਾਹਿਬ ਤੇ ਉਸ ਦਾ ਮੌਜੂ ਬਣਾਉਣ ਵਾਲੀਆਂ ਸ਼ਰਾਬੀ ਤੇ ਆਚਰਣਹੀਣ ਕੁੜੀਆਂ ਉਤੇ ਦੂਹਰਾ ਵਿਅੰਗ ਹੈ। ਇਹ ਧਨਵਾਨ ਵਰਗ ਦੀ ਉਸ ਜ਼ਿੰਦਗੀ ਦੀ ਤਸਵੀਰ ਹੈ ਜਿਸ ਵਿਚ ਚੁਹਲ ਮੁਹਲ ਰਾਹੀਂ ਜ਼ਿੰਦਗੀ ਦੇ ਭਾਰ ਨੂੰ ਹਲਕਾ ਹੀ ਨਹੀਂ ਕੀਤਾ ਜਾਂਦਾ ਬਲਕਿ ਜ਼ਿੰਦਗੀ ਜੀਵੀ ਹੀ ਉਨ੍ਹਾਂ ਰਾਹੀਂ ਜਾਂਦੀ ਹੈ। ਇਉਂ ਹੀ "ਖ਼ਾਹਮਖ਼ਾਹ" ਮਜ਼੍ਹਬੀ ਜਨੂਨ ਵਿਚੋਂ ਉਪਜੀ ਅਯੋਗ ਆਕੜ ਤੇ ਆਚਰਣ-ਹੀਨਤਾ ਉਤੇ ਅਤੀ ਕਲਾਤਮਿਕ ਕਟਾਖ਼ਸ਼ ਹੈ।

"ਅੱਖ ਅੱਗੇ ਕੱਖ" ਹਾਕਮ ਸ਼੍ਰੇਣੀ ਦੇ ਦੰਭ ਉਤੇ ਕਾਰੀ ਵਿਅੰਗ ਤੇ ਮੱਧ-ਸ਼੍ਰੇਣੀ ਵਿਚ ਜਾਗ ਰਹੀ ਸਾਮਾਜਿਕ ਤੇ ਸ਼੍ਰੇਣੀ-ਚੇਤੰਨਤਾ ਦਾ ਨਿਰੂਪਣ ਹੈ। ਦਫ਼ਤਰ ਦੇ ਬਾਬੂਆਂ ਦਾ ਮਨਚੰਦੇ ਦੀ ਸਹਾਇਤਾ ਲਈ ਉਹ ਦੇ ਅੰਨ੍ਹਾ ਹੋ ਜਾਣ ਦਾ ਭੇਤ ਲੁਕਾ ਕੇ ਰਖਣ ਦਾ ਸਾਹਸ ਕਰਨਾ ਨੀਵੀਆਂ ਸ਼੍ਰੇਣੀਆਂ ਵਿਚ ਵਸਦੇ ਇਤਫ਼ਾਕ ਦਾ ਸੂਚਕ ਹੈ। ਇਉਂ ਹੀ "ਤਾਸ਼ ਦੀ ਬਾਜ਼ੀ" ਉਪਰਲੀ ਸ਼੍ਰੇਣੀ ਦੇ ਘਰੇਲੂ ਨੌਕਰਾਂ ਨਾਲ ਬੇਰਹਿਮ ਵਤੀਰੇ ਉਤੇ ਵਿਅੰਗ ਤੇ ਨੌਕਰਾਂ ਵਿਚ ਜਾਗ ਰਹੀ ਸ਼੍ਰੇਣੀ-ਚੇਤੰਨਤਾ ਦਾ ਸੂਚਕ ਹੈ। ਹਰ ਨੌਕਰ ਆਪਣੇ ਹਮਦਰਦੀ-ਰਹਿਤ ਮਾਲਕਾਂ ਦੀ ਸ਼ਲਾਘਾ ਪਰ ਦੂਜਿਆਂ ਦੇ ਮਾਲਕਾਂ ਦੀ ਨਿੰਦਾ ਕਰਕੇ, ਆਪਣੇ ਮਾਲਕਾਂ ਦੀ ਉਸਤਤੀ ਵਿਚੋਂ ਇਕ ਅਜਿਹੀ ਆਤਮ-ਸ਼ਲਾਘਾ ਲੱਭਦਾ ਹੈ, ਜੋ ਉਸ ਦੇ ਭਾਵਾਂ ਦੇ ਉੱਦਾਤੀ-ਕਰਣ ਦਾ ਸਮਰਥ ਸਾਧਨ ਹੈ। ਨੌਕਰਾਂ ਦਾ ਝਗੜਾ ਅਮੀਰ ਸ਼੍ਰੇਣੀ ਵਿਰੁਧ ਬਲਵਾਨ ਨਾਟਕੀ ਟੋਕ ਹੈ, ਕਿਉਂਕਿ ਜੇ ਨੌਕਰਾਂ ਨਾਲ ਭੈੜਾ ਵਰਤਾਓ ਨ ਕੀਤਾ ਜਾਂਦਾ ਹੋਵੇ ਤਾਂ ਝਗੜਾ ਜੜ੍ਹ ਪਕੜ ਹੀ ਨਹੀਂ ਸਕਦਾ। ਨੌਕਰਾਂ ਦੀ ਮਨੋਵਿਗਿਆਨਕਤਾ ਦੇ ਨਾਟਕੀ ਪ੍ਰਤਿਪਾਦਨ ਦੀ ਦ੍ਰਿਸ਼ਟੀ ਤੋਂ ਇਹ ਨਾਟਕ ਅਮਰੀਕ ਸਿੰਘ ਦੀ ਇਕ ਅਤੀ ਸੁੰਦਰ ਰਚਨਾ ਹੈ।

"ਆਸਾਂ ਦੇ ਅੰਬਾਰ" ਸੇਠ ਸ਼੍ਰੇਣੀ ਦੇ ਮਾਨਵ-ਦਰਦ ਤੋਂ ਕੋਠੇ ਤੇ ਸਵਾਰਥੀ ਜੀਵਨ ਉਤੇ ਕਟਾਖ਼ਸ਼ ਹੈ। ਆਰਥਿਕ ਤੰਗੀ ਦੇ ਭੰਨੇ ਹੋਏ ਸ਼ਰਨਾਰਥੀ ਆਪਣਾ ਨਵ-ਜੰਮਿਆ ਬੱਚਾ ਔਲਾਦ-ਹੀਣ ਸੇਠਾਣੀ ਦੇ ਬਰਾਂਡੇ ਵਿਚ ਛਡ ਜਾਂਦੇ ਹਨ। ਬੱਚੇ

ਦੀ ਦੌਲਤ ਪ੍ਰਾਪਤ ਕਰਕੇ ਸੇਠਾਣੀ ਨੂੰ ਕਹਿਰਾਂ ਦਾ ਚਾ ਚੜ੍ਹ ਜਾਂਦਾ ਹੈ। ਅਤੇ ਜਿਨ੍ਹਾਂ ਲੋਕਾਂ ਦੇ ਜੀਵਨ ਵਿਚੋਂ ਉਸ ਨੂੰ ਗੰਦਗੀ ਹੀ ਗੰਦਗੀ ਲਭਦੀ ਸੀ, ਹੁਣ ਉਹ ਉਸ ਨੂੰ ਸੁਹਪਣ ਤੇ ਸੁਗੰਧੀਆਂ ਭਰੇ ਪ੍ਰਤੀਤ ਹੋਣ ਲੱਗ ਪੈਂਦੇ ਹਨ। "ਕੰਮ ਕਿ ਘੜੰਮ" ਵਿਚ ਵੀ ਮਸ਼ਕਰੀ ਤੇ ਵਿਅੰਗ ਦਾ ਪ੍ਰਯੋਗ ਕੀਤਾ ਗਇਆ ਹੈ।

"ਅਨੁਰਾਗ" ਵਾਂਗ "ਪੀੜਾਂ" ਤੇ "ਧੁੱਪ ਵਿਚ ਸਾਈਕਲ" ਵੀ ਮਨੁੱਖ ਦੇ ਨਿਰੋਲ ਨਿਜੀ ਵਿਅਕਤਿਤ੍ਵ ਨਾਲ ਸਬੰਧਿਤ ਸੰਕਟਾਂ ਨੂੰ ਪ੍ਰਕਾਸ਼ਿਤ ਕਰਦੇ ਹਨ। "ਪੀੜਾਂ" ਦਾ ਦੁਖਾਂਤ ਮਨੁੱਖ ਦੇ ਸੂਖਮਤਮ ਪਿਆਰ ਭਾਵਾਂ ਨਾਲ ਵਾਪਰੀ ਦੁਰਘਟਨਾ ਦੇ ਪ੍ਰਤੀਕਰਮ ਵੱਜੋਂ ਪੈਦਾ ਹੋਏ ਵਹਿਮ ਦੀ ਦੇਣ ਹੈ। "ਧੁੱਪ ਵਿਚ ਸਾਈਕਲ" ਉਨ੍ਹਾਂ ਵਿਅਕਤੀਆਂ ਦੀ ਅਕਲ ਉਤੇ ਵਿਅੰਗ ਹੈ, ਜਿਹੜੇ ਕੇਵਲ ਕਿਤਾਬੀ ਗਿਆਨ ਦੀ ਪ੍ਰਾਪਤੀ ਦੇ ਮਾਣ ਵਿਚ ਦੁਨੀਆਂ ਭਰ ਦਾ ਤਜਰਬਾ ਮੁੱਠੀ ਵਿਚ ਸਮਝਦੇ ਹਨ, ਪਰ ਅਮਲ ਦੇ ਖੇਤਰ ਵਿਚ ਮੂੰਹ ਭਾਰ ਡਿਗਦੇ ਹਨ।

ਅਮਰੀਕ ਸਿੰਘ ਦੀ ਸਾਮਾਜਿਕ ਚੇਤੰਨਤਾ ਦੇ ਵਿਕਾਸ ਬਾਰੇ ਇਹ ਕਹਿ ਦੇਣਾ ਹੀ ਕਾਫ਼ੀ ਹੈ ਕਿ "ਰਾਹਾਂ ਦੇ ਨਿਖੇੜ ਤੇ" ਵਿਚ ਉਸ ਦੀ ਚੇਤੰਨਤਾ ਸਪਸ਼ਟ ਭਾਤ ਸਮਾਜਵਾਦੀ ਦਰਸ਼ਨ ਦੀ ਕੁਠਾਲੀ ਵਿਚ ਢਲਦੀ ਹੈ ਤੇ ਨਾਲ ਹੀ ਇਸ ਰੰਗ ਵਿਚ ਸਿਖਰ ਨੂੰ ਛੁਹਦੀ ਹੈ। ਵੈਸੇ ਅਮਰੀਕ ਸਿੱਧੇ ਸਿੱਧਾਂਤਕ ਸੰਬਾਦ ਤੋਂ ਸੰਕੋਚ ਹੀ ਵਰਤਦਾ ਹੈ, ਤੇ ਇਸ ਨੂੰ ਕਲਪਣਾ ਵਿਚ ਨਿਖਾਰ ਕੇ ਅਚੇਤ ਜਹੇ ਰੂਪ ਵਿਚ ਨਾਟਕੀ ਪ੍ਰਭਾਵ ਵਿਚ ਘੋਲ ਦੇਣਾ ਹੀ ਕਲਾ ਦਾ ਅਸਲ ਯੋਗ ਮੰਨਦਾ ਹੈ।

ਅਮਰੀਕ ਸਿੰਘ ਦੀ ਨਾਟਕੀਅਤਾ ਦੇ ਸੰਬੰਧ ਵਿਚ ਪ੍ਰੋ: ਗੁਰਦਿਆਲ ਸਿੰਘ ਫੁੱਲ ਦਾ ਵਿਚਾਰ ਹੈ :

> "ਉਸਦੀ ਲਿਖਤ ਉਤੇ ਬਾਕੀ ਆਮ ਲਿਖਾਰੀਆਂ ਵਾਂਗ ਜੀਵਨ-ਪ੍ਰਤਿਕਰਮਾਂ ਜਾਂ ਜੀਵਨ-ਦੁਰਘਟਨਾਵਾਂ ਦਾ ਅਸਰ ਨਹੀਂ ਪਇਆ। ਉਸ ਦੇ ਮਨ ਨੂੰ ਕੇਵਲ ਕਿਤਾਬਾਂ ਵਿਚ ਲੁਕੇ ਵਿਚਾਰਾਂ, ਸਿਨਮੇ ਵਿਚ ਆਈਆਂ ਜੀਵਨ-ਝਾਕੀਆਂ, ਰੰਗ ਮੰਚ ਤੇ ਵੇਖੀਆਂ ਘਟਨਾਵਾਂ ਤੇ ਆਲੇ ਦੁਆਲੇ ਵਿਚ ਵਾਪਰ ਰਹੇ ਜਨਤਕ ਘੋਲਾਂ ਦੇ ਬਾਹਰਮੁਖੀ ਕਰਮਾਂ ਨੇ ਪ੍ਰੇਰਤ ਕੀਤਾ ਹੈ।"

ਮੇਰੀ ਜਾਚ ਵਿਚ ਅਮਰੀਕ ਸਿਘ ਦੀ ਕਲਾ ਦੇ ਪ੍ਰੇਰਣਾ-ਸੋਮਿਆਂ ਬਾਰੇ ਇਹ ਇਕ ਅਯੋਗ ਨਿਰਣਯ ਹੈ। ਵਾਸਤਵ ਵਿਚ ਨਾਟਕੀ ਰੂਪ ਦਾ ਗਿਆਨ ਤਾਂ ਭਾਵੇਂ ਉਸ ਨੇ ਕਿਤਾਬੀ ਤੇ ਫਿਲਮੀ ਅਧਿਐਨ 'ਚੋਂ ਪ੍ਰਾਪਤ ਕੀਤਾ ਹੈ, ਪਰ ਨਾਟਕੀ ਸੂਝ ਉਸਦੇ ਖ਼ਮੀਰ ਵਿਚ ਹੈ। ਅਮਰੀਕ ਸਿੰਘ ਦਾ ਜਨਮ ਤੇ ਜੀਵਨ ਅਮੀਰ ਘਰਾਣੇ ਤੇ ਅਮੀਰ ਸ਼੍ਰੇਣੀ ਨਾਲ ਸਬੰਧਿਤ ਹੈ। ਉਸ ਨੇ ਆਪਣੇ ਜੀਵਨ ਵਿਚ ਅਮੀਰ ਸ਼੍ਰੇਣੀ ਦੀ

ਨੀਚਤਾ ਤੇ ਨਿਸ਼ਫੁਰਤਾ ਦਾ ਡੂੰਘਾ ਤਜਰਬਾ ਪ੍ਰਾਪਤ ਕੀਤਾ ਹੈ। ਅਤੇ ਨਾਲ ਹੀ ਸਮਾਜ ਦੇ ਦਲਤ ਵਰਗ ਦੇ ਜੀਵਨ ਬਾਰੇ ਕੁਝ ਨਰੋਏ ਨਿਰਣਿਆਂ ਨੂੰ ਆਪਣੀ ਚੇਤਨਾ ਵਿਚ ਨਿਖਾਰਿਆ ਹੈ। ਅਮੀਰ ਸ਼੍ਰੇਣੀ ਨਾਲ ਸੰਪਰਕ-ਸ਼ੀਲ ਰਹਿਣ ਦੇ ਬਾਵਜੂਦ ਉਸ ਨੂੰ ਇਸ ਸ਼੍ਰੇਣੀ ਨਾਲ ਕੋਈ ਸਨੇਹ ਨਹੀਂ। ਆਪਣੇ ਨਾਟਕਾਂ ਵਿਚ ਉਸ ਨੇ ਇਸ ਸ਼੍ਰੇਣੀ ਦੇ ਜੀਵਨ ਨੂੰ ਸਦਾ ਵਿਅੰਗ ਤੇ ਮਸ਼ਕਰੀ ਨਾਲ ਵੇਖਿਆ ਹੈ। ਉਸ ਦੀ ਕਲਾ ਨੇ ਪ੍ਰਾਪਤੀ ਦੀਆਂ ਨਰੋਈਆਂ ਸਿਖਰਾਂ ਨੂੰ ਵੀ ਅਜਿਹੇ ਚਿਤਰਾਂ ਵਿਚ ਹੀ ਛੁਹਿਆ ਹੈ। ਇਸ ਵਿਚਾਰ-ਪ੍ਰਕਰਣ ਵਿਚ ਫੁੱਲ ਸਾਹਿਬ ਦੇ ਨਿਰਣੇ ਨੂੰ ਪ੍ਰਮਾਣਿਕ ਮੰਨਣਾ ਕਠਨ ਹੈ।

ਅਮਰੀਕ ਸਿੰਘ ਦੇ ਨਾਟਕਾਂ ਵਿਚ ਕਈ ਵਾਰ ਸਰੀਰਕ ਕਾਰਜ ਦੀ ਘਾਟ ਤਾਂ ਭਾਵੇਂ ਰਹਿ ਜਾਂਦੀ ਹੈ, ਪਰ ਭਾਵਾਤਮਕ ਕਾਰਜ ਦੀ ਘਾਟ ਕਿਧਰੇ ਨਹੀਂ ਲਭਦੀ। ਉਸ ਦੇ ਨਾਟਕਾ ਵਿਚ ਗੁੱਝੀ ਨਾਟਕੀਅਤਾ ਹੈ, ਸਰੀਰਕ ਦੌੜ ਭੱਜ ਜਾਂ ਰੌਲੇ ਰੱਪੇ ਦੀ ਨਾਟਕੀਅਤਾ ਨਹੀਂ। "ਅਨੁਰਾਗ" ਵਿਚ ਪ੍ਰਤੱਖ ਕਾਰਜ ਦੀ ਘਾਟ ਦੇ ਬਾਵਜੂਦ ਇਕ ਬਲਵਾਨ ਨਾਟਕੀਯਤਾ ਪ੍ਰਾਪਤ ਹੈ, ਜੋ ਇਸ ਗਲ ਦਾ ਪ੍ਰਮਾਣ ਹੈ ਕਿ ਨਾਟਕੀਅਤਾ ਅਮਰੀਕ ਸਿੰਘ ਦੀ ਤਬੀਅਤ ਵਿਚ ਹੈ। ਫੁੱਲ ਸਾਹਿਬ ਦਾ ਨਿਰਣਾ ਕੇਵਲ ਉਸ ਹਾਲਤ ਵਿਚ ਹੀ ਯੋਗ ਹੋ ਸਕਦਾ ਸੀ ਜੇ ਅਮਰੀਕ ਸਿੰਘ ਦੇ ਨਾਟਕਾਂ ਵਿਚ ਅੰਤਰੀਵ ਨਾਟਕੀਅਤਾ ਦੀ ਬਜਾਏ ਬਾਹਰਮੁਖੀ ਨਾਟਕੀਅਤਾ ਵਿਆਪਕ ਹੁੰਦੀ।

ਅਮਰੀਕ ਸਿੰਘ ਜਾਣਦਾ ਹੈ ਕਿ ਨਾਟਕ ਨਿਰੋਲ ਬੁੱਧੀ ਦੀ ਖੇਡ ਨਹੀਂ, ਸਗੋਂ ਭਾਵਾਤਮਿਕ ਖੇਡ ਹੈ। ਪਰਿਣਾਮ ਵਜੋਂ ਉਹ ਬੋਧਿਕ ਮਨੋਰਥ ਦੀ ਪ੍ਰਾਪਤੀ ਭਾਵਾਤਮਕ ਕਰਮ ਦੀ ਉਤੇਜਨਾ ਦੁਆਰਾ ਕਰਦਾ ਹੈ। ਅਪ੍ਰਤੱਖ ਕਾਰਜ ਨੂੰ ਪ੍ਰਤੱਖ ਕਾਰਜ ਵਿਚ ਪਲਟਾਉਣ ਲਈ ਉਹ ਜਿਨ੍ਹਾਂ ਨਾਟਕੀ ਵਿਧੀਆਂ ਦਾ ਪ੍ਰਯੋਗ ਕਰਦਾ ਹੈ, ਉਹ ਗਾਰਗੀ ਜਾਂ ਫੁੱਲ ਤੋਂ ਸਿਵਾ ਪੰਜਾਬੀ ਦੇ ਕਿਸੇ ਹੋਰ ਨਾਟਕਕਾਰ ਦੇ ਕਲਾ-ਯੋਗ ਵਿਚ ਹੀ ਆਈਆਂ।

"ਆਂਦਰਾਂ" ਵਿਚ ਰੰਗ-ਮੰਚ ਉੱਤੇ ਫ਼ਸਾਦਾਂ ਦੀ ਭਿਅੰਕਰਤਾ ਦਾ ਪਰਦਰਸ਼ਨ ਸੰਭਵ ਨਹੀਂ ਸੀ। ਸੋ ਜ਼ਰੂਰਤ ਰਮਜ਼ਾਨ ਦੀ ਪਤਨੀ ਖ਼ਾਨੋ ਦੇ ਵਾਰਤਾਲਾਪ ਦੁਆਰਾ ਪੂਰੀ ਕੀਤੀ ਗਈ ਹੈ। ਪ੍ਰੰਤੂ ਖਾਨੋ ਦੀ ਜ਼ਬਾਨੀ ਫ਼ਸਾਦਾਂ ਦੀ ਵਹਿਸ਼ਤ ਦਾ ਬਿਆਨ ਪ੍ਰਾਹੁਣਿਆਂ ਦੀ ਮਾਨਸਿਕਤਾ ਨੂੰ ਵੀ ਭੈ ਭੀਤ ਕਰਨ ਵਾਲਾ ਸੀ, ਇਸ ਲਈ ਖ਼ਾਨੋ ਦੇ ਬਿਆਨ ਵਲ ਰਮਜ਼ਾਨ ਦਾ ਪ੍ਰਤਿਕਰਮ ਕੁਝ ਖਿਝ ਭਰਿਆ ਚਿਤਰਿਆ ਹੈ। ਇਹ ਤਨਾਤਨੀ ਜਿਥੇ ਇਕ ਪਾਸੇ ਪ੍ਰਤੱਖ ਕਾਰਜ ਦਾ ਸਰੋਤ ਬਣਦੀ ਹੈ, ਉੱਥੇ ਦੂਜੇ ਪਾਸੇ ਪਾਤਰ-ਉਸਾਰੀ ਨੂੰ ਵੀ ਇਕ ਮਨੋਵਿਗਿਆਨਕ ਪ੍ਰਿਸ਼ਟ-ਭੂਮੀ ਪ੍ਰਦਾਨ ਕਰਦੀ ਹੈ। ਸਟੇਜ ਦੇ ਪਿਛੋਂ ਆਉਂਦੀਆਂ ਭਿਆਨਕ ਆਵਾਜ਼ਾਂ ਤੇ ਗੁਰਬਖਸ਼ ਦੇ ਬਚੇ ਦੀ ਮਾਸੂਮੀਅਤ ਫ਼ਸਾਦਾਂ ਦੀ ਭਿਅੰਕਰਤਾ ਦਾ ਹੋਰ ਵੀ ਬਲਵਾਨ ਪ੍ਰਭਾਵ ਦੇਂਦੀਆਂ ਹਨ।

ਨਾਟਕ ਸਰੀਰਕ ਤੇ ਵਾਯੂ-ਮੰਡਲਕ ਕਾਰਜਾਂ ਦੀ ਗੋਦ ਵਿਚ ਪਰਵਾਨ ਚੜ੍ਹਦਾ ਹੈ। "ਪੀੜਾਂ" ਵਿਚ ਵੀ ਸ਼ਾਮ ਲਾਲ ਦੀ ਘਬਰਾਹਟ ਭਰੀ ਭੱਜ ਦੌੜ ਸਰੀਰਕ ਕਰਮ ਦੀ ਪ੍ਰਮਾਣ ਹੈ। ਰੰਗ-ਮੰਚ ਦੇ ਪਿਛੋਕੜ 'ਚੋਂ ਆ ਰਹੀਆਂ। ਉਸ ਦੀ ਪਤਨੀ ਦੀਆਂ ਦਰਦਨਾਕ ਚੀਕਾਂ ਤੇ ਉਸ ਦੀ ਆਪਣੀ ਜ਼ਬਾਨੀ ਦਸਹਿਰੇ ਵਾਲੇ ਦਿਨ ਦੀ ਦੁਰਘਟਨਾ ਤੇ ਪੁੱਤਰ ਦੀਆਂ ਮਾਸੂਮ ਯਾਦਾਂ ਦਾ ਵਰਣਨ ਵਾਤਾਵਰਣਕ ਕਾਰਜ ਪੈਦਾ ਕਰਦਾ ਹੈ। ਸਮੁਚੇ ਕਾਰਜ ਵਿਚ ਦਰਸ਼ਕ ਦੇ ਸਾਹ ਰੋਕ ਲੈਣ ਵਾਲੀ ਪਕੜ ਹੈ। ਇਉਂ ਹੀ "ਮਹਾਰਾਜਾ ਦੀ ਜੈ" ਵਿਚ ਨਾਟਕੀ ਪ੍ਰਭਾਵ ਬਾਹਰ ਸ਼ੂਕਦੀ ਦਰਿੰਦਗੀ ਤੇ ਅੰਦਰ ਸਿਸਕਦੀ ਇਕ ਜਾਨ ਤੇ ਇਸ ਜਾਨ ਨਾਲ ਬਰਾਬਰ ਸਿਸਕਦੀਆਂ ਮਾਤਾ ਪਿਤਾ ਦੀਆਂ ਸੱਧਰਾਂ ਅਤੇ ਮਹਾਰਾਜਾ ਦੇ ਜਬਰ ਵਿਰੁਧ ਚਲ ਰਹੇ ਸੰਘਰਸ਼ ਦੇ ਮਾਨਸਿਕ ਝਲਕਾਰਿਆਂ ਵਿਚੋਂ ਪ੍ਰਾਪਤ ਕੀਤਾ ਗਇਆ ਹੈ। "ਰਾਹਾਂ ਦੇ ਨਿਖੇੜ ਤੇ" ਵੀ ਹੜਤਾਲੀ ਮਜ਼ਦੂਰਾਂ ਦੇ ਜੋਸ਼ ਨੂੰ ਕੁਝ ਇਸ ਪ੍ਰਕਾਰ ਹੀ ਸਟੇਜ ਉੱਤੇ ਵਾਪਰ ਰਹੀਆਂ ਘਟਨਾਵਾਂ ਵਿਚ ਪ੍ਰਤਿਬਿੰਬਤ ਕਰਦਾ ਹੈ।

"ਆਸਾਂ ਦੇ ਅੰਬਾਰ" ਵਿਚ ਸ਼ਰਨਾਰਥੀਆਂ ਦੀ ਘਰੇਲੂ ਅਵਸਥਾ ਨੂੰ ਸੇਠ ਤੇ ਸੇਠਾਣੀ ਦੇ ਝਗੜੇ ਵਿਚੋਂ ਰੂਪਮਾਨ ਕੀਤਾ ਹੈ। ਸੇਠ ਤੇ ਸੇਠਾਣੀ ਦਾ ਵਾਰਤਾਲਾਪ ਸੇਠ ਸ਼੍ਰੇਣੀ ਉੱਤੇ ਵਿਕ੍ਰੋਕਤੀ ਹੈ, ਜਿਸ ਵਿਚ ਨਾਟਕਕਾਰ ਦੀ ਬੇਘਰਿਆਂ ਪ੍ਰਤੀ ਹਮਦਰਦੀ ਸਾਹ ਲੈਂਦੀ ਹੈ।

"ਸ਼ਰਨਾਰਥੀ ਦਾ ਕੋਟ" ਤੇ "ਖ਼ਾਹਮਖਾਹ" ਵਿਚ ਗੰਭੀਰ ਪਰ ਖੁਸ਼ਕ ਵਿਸ਼ਿਆਂ ਦਾ ਹਾਸ-ਰਸ ਤੇ ਵਿਅੰਗ ਦੇ ਲਿਬਾਸ ਵਿਚ ਰੋਚਕ ਪ੍ਰਤਿਪਾਦਨ ਕੀਤਾ ਹੈ।

"ਸ਼ਰਤ", "ਧੁੱਪ ਵਿਚ ਸਾਈਕਲ", "ਤਾਸ਼ ਦੀ ਬਾਜ਼ੀ" ਤੇ "ਅੱਖ ਅੱਗੇ ਕੱਖ" ਵਿਚ ਵਿਅੰਗਾਤਮਿਕ ਪ੍ਰਭਾਵ ਅਸਲ ਗਲ ਨੂੰ ਅੰਤ ਤਕ ਗੁਪਤ ਰੱਖ ਕੇ ਤੇ ਲਟਕਾ ਕੇ ਪੈਦਾ ਕੀਤਾ ਗਇਆ ਹੈ। ਇਨ੍ਹਾਂ ਨਾਟਕਾਂ ਵਿਚ ਕਈ ਛੋਟੀਆਂ ਛੋਟੀਆਂ ਨਾਟਕੀ ਸਥਿਤੀਆਂ ਪੈਦਾ ਹੁੰਦੀਆਂ ਤੇ ਰੋਚਕਤਾ ਨੂੰ ਬੰਨ੍ਹੀ ਜਾਂਦੀਆਂ ਹਨ। ਅੰਤ ਵਿਚ ਜਦੋਂ ਗਲ ਖੁਲ੍ਹਦੀ ਹੈ ਤਾਂ ਪ੍ਰਭਾਵ ਦੀਆਂ ਝਰਨਾਟਾਂ ਸਰੀਰ ਵਿਚੋਂ ਉੱਠ ਕੇ ਵਾਤਾਵਰਣ ਵਿਚ ਖਿਲਰ ਜਾਂਦੀਆਂ ਹਨ।

"ਪ੍ਰਛਾਵਿਆਂ ਦੀ ਪਕੜ" ਵਿਚ ਸਮਾਜ ਦੇ ਦੰਭੀ ਆਗੂਆਂ ਦੇ ਕਪਟ ਨੂੰ ਨੰਗਾ ਕਰਨ ਤੇ ਨਾਟਕੀ ਪ੍ਰਭਾਵ ਨੂੰ ਪ੍ਰਜਵੱਲਤ ਕਰਨ ਲਈ ਰੰਗ-ਮੰਚ ਉਤੇ ਰੌਸ਼ਨੀ ਦੇ ਹੇਰ ਫੇਰ ਨਾਲ ਭੂਤ ਨੂੰ ਵਰਤਮਾਨ ਵਿਚ ਪਲਟਾਇਆ ਹੈ। ਵਾਰਤਾਲਾਪ ਵਿਚ ਸੰਜਮ ਤੇ ਵੇਗ ਦਾ ਯੋਗ ਧਿਆਨ ਰਖਿਆ ਹੈ। ਅੰਗ੍ਰੇਜ਼ੀ ਸਾਹਿੱਤ ਦੇ ਪ੍ਰਭਾਵ ਦਾ ਸਿੱਟਾ ਉਸ ਦੀ ਮਨੋਵਿਗਿਆਨਕ ਸੂਝ 'ਵਿਚ ਕਾਫ਼ੀ ਨਿਖਾਰ ਤੇ ਦੀਰਘਤਾ ਆਈ ਹੈ। "ਆਂਦਰਾਂ" ਦੀ ਖਾਨੋ ਉਸ ਦੀ ਇਸ ਸੂਝ ਦਾ ਪ੍ਰਤੱਖ ਪ੍ਰਮਾਣ ਹੈ।

ਸਮੁਚੇ ਰੂਪ ਵਿਚ ਅਮਰੀਕ ਸਿੰਘ ਦੇ ਇਕਾਂਗੀ ਉਸ ਦੇ ਸੰਪੂਰਣ ਨਾਟਕਾਂ ਨਾਲੋਂ ਵਧੇਰੇ ਸਫਲ ਹਨ। ਭਾਵੇਂ ਸੰਪੂਰਣ ਨਾਟਕਾਂ ਵਿਚ ਉਸ ਨੇ ਸਥਾਨ ਦੀ ਏਕਤਾ ਤੇ ਸੰਜਮ ਦੇ ਸਬੰਧ ਵਿਚ ਵਿਸ਼ੇਸ਼ ਯੋਗਤਾ ਦਾ ਸਬੂਤ ਦਿੱਤਾ ਹੈ, ਪਰ ਜੋ ਕਲਾਤਮਕਤਾ ਉਸ ਦੇ ਇਕਾਂਗੀਆਂ ਵਿਚਪਮਾਨ ਹੈ, ਉਹ ਤੁਲਨਾਤਮਿਕ ਦ੍ਰਿਸ਼ਟੀ ਤੋਂ ਉਸ ਦੇ ਸੰਪੂਰਣ ਨਾਟਕਾਂ ਵਿਚ ਘਰੂਟ ਹੈ।

ਅਮਰੀਕ ਸਿੰਘ ਦੀ ਕਲਾ ਤਰੁਟੀਆਂ ਤੋਂ ਬਰੀ ਨਹੀਂ। ਪਰੰਤੂ ਕੁਝ ਤਰੁਟੀਆਂ ਤਾਂ ਭਾਵੇਂ ਉਸ ਦੀ ਸੂਝ ਤੇ ਤਜਰਬੇ ਦੀ ਕਮਜ਼ੋਰੀ ਦਾ ਪਰਿਣਾਮ ਹਨ, ਪਰ ਵਧੇਰੇ ਕਰਕੇ ਇਹ ਰੰਗ-ਮੰਚੀ ਸਹੂਲਤਾਂ ਦੇ ਅਭਾਵ ਤੇ ਆਰਥਕ ਮਜ਼ਬੂਰੀਆਂ ਵਿਚੋਂ ਪੈਦਾ ਹੁੰਦੀਆਂ ਹਨ। "ਖ਼ਾਹਮਖ਼ਾਹ" ਤੇ "ਸ਼ਰਨਾਰਥੀ ਦਾ ਕੋਟ" ਵਿਚ ਗੱਡੀ ਦੇ ਡੱਬੇ ਦਾ ਸੀਨ ਤੇ ਚਲਦੀ ਗੱਡੀ ਦਾ ਪ੍ਰਭਾਵ ਦੇਣਾ ਅਸੰਭਵ ਮਾਤਰ ਹੈ। ਅਤੇ ਇਹ ਔਗਣ ਨਿਰਸੰਦੇਹ ਅਮਰੀਕ ਸਿੰਘ ਦੀ ਸੂਝ ਦਾ ਹੈ। ਪਰੰਤੂ "ਪ੍ਰਛਾਵਿਆਂ ਦੀ ਪਕੜ" ਦੀਆਂ ਤਰੁਟੀਆਂ ਅਮਰੀਕ ਸਿੰਘ ਦੀਆਂ ਨਿੱਜੀ ਊਣਤਾਈਆਂ ਦੀ ਦੇਣ ਨਹੀਂ ਹਨ। ਠੀਕ ਹੈ ਕਿ ਅਮਰੀਕ ਸਿੰਘ ਇਕ ਇਕਾਂਗੀ ਨਾਟਕਕਾਰ ਹੈ ਤੇ ਇਹ ਨਾਟਕ ਤਿੰਨ ਇਕਾਂਗੀਆਂ ਦਾ ਸਮਝੌਤਾ ਪ੍ਰਤੀਤ ਹੁੰਦਾ ਹੈ। ਪਰ ਆਖਰ ਇਸ ਸਮਝੌਤੇ ਦੇ ਕਾਰਣ ਕੀ ਹਨ? ਕਾਰਣ ਕੇਵਲ ਵਰਤਮਾਨ ਯੁਗ ਦੀ ਆਰਥਕ ਮੰਦਹਾਲੀ ਹੈ, ਜਿਸ ਕਾਰਣ ਨਾਟਕਕਾਰ ਆਪਣੇ ਨਾਟਕ ਨੂੰ ਸਸਤੀ ਸੈਟਿੰਗ ਦੇਣ ਦੀ ਕੋਸ਼ਿਸ਼ ਕਰਦਾ ਹੈ। ਮੈਂ ਸਮਝਦਾ ਹਾਂ ਕਿ "ਰਾਹਾਂ ਦੇ ਨਿਖੇੜ ਤੇ" ਦੀ ਬਣਤਰ ਦਾ ਨਿਰਮਾਣ ਕਰਨ ਵਾਲਾ ਅਮਰੀਕ ਸਿੰਘ "ਪਰਛਾਵਿਆਂ ਦੀ ਪਕੜ" ਵਿਚ ਵੀ ਇਕ ਸਜੀਵ ਪਲਾਟ ਪੈਦਾ ਕਰ ਸਕਦਾ ਸੀ, ਜੇ ਉਸ ਦੀ ਕਲਪਣਾ ਰੰਗ-ਮੰਚੀ ਮਜ਼ਬੂਰੀਆਂ ਤੋਂ ਨਿਰਲੇਪ ਹੁੰਦੀ।

"ਸ਼ਰਤ" ਵਿਚ ਚਾਰ ਕੁ ਮਿਟ ਬੀਤ ਜਾਣ ਪਿਛੋਂ ਦੋ ਘੰਟੇ ਬੀਤ ਜਾਣ ਦਾ ਪ੍ਰਭਾਵ ਦਿੱਤਾ ਜਾਂਦਾ ਹੈ। ਇਹ ਭੁਲੇਖਾ ਫਿਲਮ ਵਿਚ ਤਾਂ ਪਾਇਆ ਜਾ ਸਕਦਾ ਹੈ, ਪਰ ਨਾਟਕ ਵਿਚ ਨਹੀਂ।

ਪਰੰਤੂ ਇਹ ਦੋਸ਼ ਅਜਿਹੇ ਨਹੀਂ ਹਨ, ਜਿਨ੍ਹਾਂ ਤੋਂ ਛੁਟਕਾਰਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਜੇ ਅਮਰੀਕ ਸਿੰਘ ਖੁਦ ਤਜਰਬੇ ਤੇ ਲਗਨ ਦੇ ਖੇਤਰ ਵਿਚ ਉਤਸ਼ਾਹ ਨਾਲ ਵਿਚਰੇ, ਅਤੇ ਜੇ ਉਸ ਨੂੰ ਉਸ ਵਿਚ ਵਿਦਮਾਨ ਸੰਭਾਵਨਾਵਾਂ ਦਾ ਚੇਤੰਨ ਅਹਿਸਾਸ ਕਰਵਾਇਆ ਜਾਏ ਤਾਂ ਉਸ ਦੀ ਨਾਟਕੀ ਪ੍ਰਤਿਭਾ ਅਵਸ਼ ਹੀ ਕੋਈ ਸ਼ਾਨਦਾਰ ਚਮਤਕਾਰ ਵਿਖਾ ਸਕਦੀ ਹੈ।

———

ਗੁਰਦੇਵ ਸਿੰਘ –*

# ਤਖ਼ਤ ਸਿੰਘ ਦੀ ਕਾਵਿ-ਸ਼ੈਲੀ

ਪੰਜਾਬ ਦੀ ਵੰਡ ਪਿੱਛੋਂ, ਪੰਜਾਬੀ ਕਾਵਿ ਵਿਚ, ਕਵੀਆਂ ਦੀ ਜਿਸ ਨਵੀਂ ਪੀੜੀ ਨੇ ਜਨਮ ਲਇਆ, ਤਖ਼ਤ ਸਿੰਘ ਉਸ ਦਾ ਪ੍ਰਮੁਖ ਸ਼ੈਲੀਕਾਰ (Stylist) ਹੈ। ਅਨੁਭਵ ਦੀ ਵਿਲੱਖਣਤਾ, ਤੋਲ, ਮੌਲਿਕਤਾ, ਸ਼ਬਦ ਚੋਣ ਤੇ ਚਿੰਨ੍ਹਾਂ ਆਦਿ ਦਾ ਢੁੱਕਦਾ ਪ੍ਰਯੋਗ ਆਦਿ ਕਿਸੇ ਕਵੀ ਦੀ ਕਾਵਿ-ਸ਼ੈਲੀ ਨੂੰ, ਜਿਥੇ ਰੂਪਕ ਪੱਖ ਤੋਂ ਸੁੰਦਰ ਬਣਾਉਂਦੇ ਹਨ, ਉਥੇ ਕਵੀ ਨੂੰ ਇਸ ਗੱਲ ਦੀ ਸੂਚਨਾਂ ਵੀ ਦਿੰਦੇ ਹਨ ਕਿ ਉਸ ਨੇ ਪੁਰਾਣੇ ਪਰੰਪਰਾਵਾਦੀ ਵਿਚਾਰਾਂ ਨੂੰ ਹੀ ਨਹੀਂ ਰਟੀ ਜਾਣਾ, ਸਗੋਂ ਸਮੇਂ ਅਨੁਸਾਰ ਨਿੱਤ ਬਦਲਦੀਆਂ ਮਨੁਖੀ ਕੀਮਤਾਂ ਨੂੰ ਵੀ ਅਪਣਾਉਣਾ ਹੈ। ਅੱਜ ਦਾ ਯੁਗ ਗ੍ਰਹਿ-ਪੱਥ ਤੇ ਛੱਡੇ ਜਾ ਰਹੇ ਸਪੁਤਨਿਕਾਂ ਦਾ ਯੁਗ ਹੈ, ਵਿਗਿਆਨ ਨੇ ਤਾਰਾ ਮੰਡਲ ਤੀਕ ਮਨੁਖ ਦੀ ਪਹੁੰਚ ਬਣਾ ਦਿੱਤੀ ਹੈ, ਜਿਸ ਵਿਚ ਜੇ ਕਵੀ ਦੀ ਸ਼ਰਧਾ ਰਲ ਜਾਏ ਤਾਂ ਮਨੁੱਖੀ ਨੁਹਾਰ ਕਿੰਨੀ ਨਿਖਰੀ ਹੋਈ ਜਾਪੇ। ਅੱਜ ਦੇ ਕਵੀ ਕੋਲੋਂ ਲਿਖੇ ਜਾ ਰਹੇ ਹੇਠਾਂਕਤ ਬੋਲ ਸਾਰੇ ਜੱਗ ਦੀ ਲੋੜ ਹਨ :

ਦੁਨੀਆਂ ਭਰ ਵਿਚ ਸਭ ਤੋਂ ਪਹਿਲੇ ਭੂ-ਉਪ-ਗ੍ਰਹਿ !<br>
ਨਮਸਕਾਰ ਮੈਂ ਤੈਨੂੰ ਲੱਖ ਲੱਖ ਵਾਰ ਕਰਾਂ।

(ਉਪਗ੍ਰਹਿ)

ਅਨੁਭਵ ਦੀ ਵਿਲੱਖਣਤਾ ਦਾ ਹੀ ਸਿੱਟਾ ਹੈ ਕਿ ਤਖ਼ਤ ਸਿੰਘ ਅੰਬਰਾਂ ਦੀ ਵਾਵਰੋਲਿਆਂ ਦੀ ਕਵਿਤਾ ਨਹੀਂ ਲਿਖਦਾ ਤੇ ਨਾ ਸ਼ੇਖ-ਚਿਲੀਆਂ ਵਾਲੀਆਂ ਉਸਦੀਆਂ ਗੱਲਾਂ ਹਨ—ਉਹ ਤਾਂ ਲੋਕਾਂ ਦਾ ਕਵੀ ਹੈ ਤੇ ਉਸ ਦੀ ਕਲਾ ਲੋਕਾਂ ਲਈ ਹੈ। ਉੱਤਮ ਕਾਵਿ ਦੀ ਤਾਂ ਨਿਸ਼ਾਨੀ ਇਹੋ ਹੈ ਕਿ ਇਹ ਜ਼ਿੰਦਗੀ ਵਿਚੋਂ ਫੁਟਦੀ ਹੋਵੇ, ਜ਼ਿੰਦਗੀ ਲਈ ਹੋਵੇ ਤੇ ਜ਼ਿੰਦਗੀ ਨੂੰ ਨਿਗਰ ਕੀਮਤਾਂ ਪ੍ਰਦਾਨ ਕਰਦੀ ਹੋਵੇ*, ਤਖ਼ਤ

* (i) Poetry is made out of life, belongs to life, exists for life. (An Introduction to the Study of Literature P. 92 Hudson)

(ii) Poetry is at bottom a criticism of life. (Essays in Criticism—Second Series) (Mathem Arnold)

ਸਿੰਘ ਨਵੇਂ ਸਮੇਂ ਦਾ ਸ਼ਾਇਰ ਹੈ, ਮਿਹਨਤਕਸ਼ ਲੋਕਾਂ ਦਾ ਸ਼ਾਇਰ ਹੈ*, ਬਿਗਲ ਬਜਾ ਕੇ ਲੋਕਾਂ ਨੂੰ ਜਾਗ੍ਰਿਤ ਕਰਨ ਵਾਲਾ ਸ਼ਾਇਰ ਹੈ :

(ੳ) ਰਹਿੰਦਾ ਹਾਂ ਜਦ ਲੋਕਾਂ ਦੇ ਵਿੱਚ
ਲੋਕਾਂ ਨਾਲੋਂ ਵੱਖ ਨਹੀਂ ਮੈਂ ।
(ਨਵੇਂ ਸ਼ਮੇਂ ਦਾ ਸ਼ਾਇਰ ਹਾਂ ਮੈਂ)

(ਹੰਭਲੇ)

(ਅ) ਕੂਕ ਕੂਕ ਕੇ ਆਖ ਰਹਿਆ ਹਾਂ
ਦੁਨੀਆਂ ਦੇ ਮਿਹਨਤਕਸ਼ ਲੋਕੋ ।
ਹੋਰ ਵਧੋ, ਹਿੰਮਤ ਨ ਹਾਰੋ,
ਹੋਰ ਵਡੇਰਾ ਹੰਭਲਾ ਮਾਰੋ ।
... ... ...
ਕੰਢੇ ਤੋ ਪ੍ਰਭਾਤ ਖਲੀ ਏ,
ਪਹਿਨਾਵਣ ਲਈ ਤਾਜ ਤੁਹਾਨੂੰ ।
(ਨਵੇਂ ਸਮੇਂ ਦਾ ਸ਼ਾਇਰ ਹਾਂ ਮੈਂ)

ਚੁਫੇਰੇ ਦੀਆਂ ਬੰਦੀਆਂ, ਸੜੀਆਂ ਪਰਿਸਥਿਤੀਆਂ ਤੇ ਕਵੀ ਅਵਾਜ਼ਾਰ ਹੈ । ਕੋਝੇ ਨਜ਼ਾਰੇ ਹਨ, ਚਲਦੀਆਂ ਫਿਰਦੀਆਂ ਲੋਥਾਂ ਹਨ, ਹਿਲਦੇ ਹਡੀਆਂ ਦੇ ਕਰੋਗ‡, ਗਿਰਝਾਂ ਦੇ ਹਿਰਖ, ਕਾਵਾਂ ਦਾ ਮਛਰੇਵਾਂ, ਭੂਹੇ ਹੋਏ ਬਾਘੜ ਬਿੱਲੇ ਤੇ ਭੁਚਰ ਕੁਤੇ ਅਜ ਦੇ ਮਨੁਖ ਦਾ ਵਿਵਹਾਰ ਹਨ । ਕਿਉਂਕਿ ਇਹ ਵਿਵਹਾਰ ਜੁਗ ਦੀ ਬਹੁ ਗਿਣਤੀ ਦੀ ਆਤੁਰਤਾ ਦਾ ਸਿੱਟਾ ਹੈ ਤੇ ਇਸ ਆਤੁਰਤਾ ਦਾ ਕਾਰਣ ਉਨ੍ਹਾਂ ਦੇ ਗਲ ਗਲ ਚੜ੍ਹੀ ਗਰੀਬੀ ਹੈ ਤੇ ਜਾਂ ਦੌਲਤ ਦੀ ਕਾਣੀ ਵੰਡ, ਇਸ ਲਈ ਕਵੀ ਦਾ ਪ੍ਰੇਮ, ਬਿਰਹਾ ਦਾ ਕਿੱਸਾ ਤਾਂ ਮਹਿੰ ਅਗੇ ਬੀਨ ਬਜਾਉਣ ਦੇ ਤੁੱਲ ਜਾਪਦਾ ਹੈ । ਕਵੀ ਨੂੰ ਤਾਂ ਹੀ ਉਹ

---

* ਤਖ਼ਤ ਸਿੰਘ ਨੇ ਲੋਕਾਂ ਦੀਆਂ ਆਸਾਂ ਤੇ ਉਨ੍ਹਾਂ ਦੇ ਅਰਮਾਨਾਂ ਨੂੰ ਅਪਣੀ ਕਵਿਤਾ ਵਿਚ ਗੁੰਦ ਕੇ, ਉਨ੍ਹਾਂ ਦੇ ਮਹਾਨ ਭਵਿੱਖ ਦਾ ਚਿਤਰ ਖਿਚਿਆ ਹੈ।

( ਗੁਰਬਖਸ਼ ਸਿੰਘ ਪ੍ਰੀਤਲੜੀ )

‡ The weariness, the fever and the fret
Here where men sit and here each other groan;
Where palsy shakes a few, sad, last grey hairs,
Where youth grows pale, and spectre their, and dies,
Where but to think is to be full of sorrow.
(Ode to a Nightingale Keats)

ਪ੍ਰੇਮਕਾ ਵਲੋਂ ਮਿਲੇ 'ਸੁਨੇਹੇ ਦੇ ਉਤਰ' ਵਿਚ ਕਹਿ ਉਠਦਾ ਹੈ :—

ਲੰਘ ਰਹਿਆ ਹਾਂ ਉਨ੍ਹਾਂ ਥਾਵਾਂ 'ਚੋਂ ਮੈਂ ਜਿੱਥੇ ਅਜੇ
ਜ਼ਿੰਦਗਾਨੀ ਦੇ ਬੜੇ ਕੋਝੇ ਨਜ਼ਾਰੇ ਵੇਖਣਾਂ ।
ਪੀ ਰਹੇ ਨੇ ਮਸਤ ਭੌਰੇ ਰੋਂਦੀਆਂ ਕਲੀਆਂ ਦਾ ਖ਼ੂਨ,
ਕਾਲਿਆਂ ਬੱਦਲਾਂ ਦੇ ਕਾਬੂ ਵਿੱਚ ਸਿਤਾਰੇ ਵੇਖਣਾ ।

ਜਜ਼ਬੇ ਦੀ ਬਹੁਲਤਾ ਕਈ ਵੇਰ ਸ੍ਵੈ ਵਿਰੋਧ ਦਾ ਕਾਰਣ ਬਣ ਜਾਂਦੀ ਹੈ ਕਿਉਂਕਿ ਜਜ਼ਬਾ ਤਰਕ ਦੇ ਉੱਤੇ ਦੀ ਪੈ ਜਾਂਦਾ ਹੈ ਤੇ ਕਵੀ ਇਕ ਥਾਂ ਕੁਝ ਕਹਿੰਦਾ ਹੈ ਪਰ ਦੂਜੇ ਥਾਂ ਉਸ ਤੋਂ ਨਿਪਟ ਵਿਪ੍ਰੀਤ ਕਹਿ ਜਾਂਦਾ ਹੈ । ਇਹ ਕਾਵਿਕ ਦੋਸ਼ ਹੈ ਜੋ ਉਪ੍ਰੋਕਤ ਮਨੋਵਿਗਿਆਨ ਸੱਤ ਦਾ ਧਾਰਨੀ ਹੈ । ਤਖ਼ਤ ਸਿੰਘ ਵਿੱਚ ਇਹ ਦੋਸ਼ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ । ਸੁਨੇਹੇ ਦੇ ਉਤਰ ਵਿੱਚ ਉਹ ਅਪਣੀ ਪ੍ਰੇਮਕਾ ਨੂੰ ਇਹ ਕਹਿ ਕੇ ਨਿਰਾਸ਼ਾ ਦੀ ਖੱਡ ਵਿੱਚ ਸੁਟ ਦੇਣ ਦੇ ਹੱਕ ਵਿਚ ਹੈ ਕਿ, 'ਜੀ ਨਹੀਂ ਸਕਦਾ ਅਜੇ ਮੈਂ ਸਿਰਫ਼ ਇਕ ਤੇਰੇ ਲਈ , ਪਰ 'ਵੇਖੀਂ ਭੁੱਲ ਨਾ ਜਾਵੀਂ ਵਿਚ' ਉਸ ਦੀ ਪ੍ਰੇਮਕਾ ਲਈ ਖਿੱਚ ਵਾਸ਼ਨਾਵਾਦ ਦੀ ਹੱਦ ਤੀਕ ਅੱਪੜ ਗਈ ਹੈ :

ਚੁੰਮ ਕੇ ਸਾਹ ਲੈਂਦਾ ਸੀ ਤੇਰੇ
ਵਾਲਾਂ ਨੂੰ ਹਰ ਬੁੱਲਾ ਵਾ ਦਾ ।
ਅਰਸ਼ਾਂ 'ਚ ਵਸਦੇ ਚੰਨੇਂ ਤੋਂ ਵੀ
ਸੁਹਣੀ ਸੀ ਤੂੰ ਕਿਤੇ ਜ਼ਿਆਦਾ
ਜਾਵੀਦਾ ਮੌਜੂਦ ਸੀ ਮੇਰੇ
ਸਾਹਵੇਂ ਆਪੀਂ ਰੂਪ ਖ਼ੁਦਾ ਦਾ ।

"ਅਰਸ਼ਾਂ 'ਚ ਵਸਦੇ......ਰੂਪ ਖ਼ੁਦਾ ਦਾ ।'* ਅਪਣੇ ਆਪ ਵਿੱਚ ਅਤਿ ਮਹਾਨ ਸਤਰਾਂ ਹਨ ਕਿਉਂਕਿ ਇਨ੍ਹਾਂ ਵਿੱਚ ਨਿਘਰ ਜੀਵਨ ਦਰਸ਼ਨ ਹੈ—ਪਰ ਪਹਿਲੀ ਕਵਿਤਾ ਤੋਂ ਐਨ ਉਲਟ ਹਨ । ਪਾਠਕ ਜਾਂ ਸਰੋਤੇ ਦੇ ਕਵੀ ਵਿਚ ਵਿਸ਼ਵਾਸ਼ਾਂ ਦਾ ਨਿਸਚਾ ਥਿੜਕ ਜਾਂਦਾ ਹੈ ਜਦ ਉਹ ਅਜਿਹੀ ਸ੍ਵੈ ਵਿਰੋਧੀ ਰਚਨਾ ਪੜ੍ਹਦਾ ਜਾਂ ਸੁਣਦਾ ਹੈ । ਤਖ਼ਤ ਸਿੰਘ ਦੀ ਰਸੀ ਸੂਝ, ਜ਼ਰੂਰ ਜਜ਼ਬੇ ਨੂੰ ਨੱਥ ਪਾ ਲਵੇਗੀ ਕਿਉਂਕਿ ਜਜ਼ਬੇ ਨੂੰ ਨੱਚਣ ਤੇ ਸੂਝ ਨੂੰ ਰਸਾਉਣ ਨਾਲ ਕਾਵਿ ਵਿੱਚ ਪਕਿਆਈ, ਨਿਗਰਤਾ ਆਉਂਦੀ

---

* If you trace Lone back to its source, its spring, It will lead you back to God That is why act mainfestation of Lone are simply altributef of God.

(The Supermacy of Love P. 4—By Le Roy E. Froom)

ਹੈ, ਜੋ ਜੀਵਨ ਲਈ ਇਕ ਵਿਸ਼ੇਸ਼ ਸੁਨੇਹਾ ਹੋ ਸਕਦੀ ਹੈ*, ਕਾਵਿ ਦੀ ਇਹ ਇਕ ਅਤਿ ਲੋੜੀਂਦੀ ਵਿਸ਼ੇਸ਼ਤਾ ਹੈ ਜੋ ਤਖ਼ਤ ਸਿੰਘ ਵਿੱਚ ਜ਼ਰੂਰ ਆ ਜਾਵੇਗੀ ਮੈਨੂੰ ਇਹ ਵਿਸ਼ਵਾਸ ਹੈ। ਉਸ ਦੀਆਂ ਇਹ ਸਤਰਾਂ ਮੇਰੇ ਉਪ੍ਰੋਕਤ ਵਿਸ਼ਵਾਸ਼ ਦਾ ਆਧਾਰ ਹਨ :

ਨਿਮਾਣੀ ਜਿੰਦੜੀਏ ਨੀ ਜਿੰਦੜੀਏ ! ਤੂੰ ਮੰਨ ਨ ਮੰਨ, ਹੁਣ ਵੀ,
ਹਿਮਾਲੇ ਤੋਂ ਕਿਤੇ ਉੱਚੇ ਇਰਾਦੇ ਧਾਰ ਸਕਨੀ ਏ ।
ਪੁਰੇ ਦੀ ਰੁਮਕਦੀ ਠੰਡੀ ਹਵਾ ਦੇ ਵਾਂਗ ਤੂੰ ਹੁਣ ਵੀ,
ਸਮੇਂ ਦੇ ਤਪ ਰਹੇ ਤੱਤੜੇ ਪਲਾਂ ਨੂੰ ਠਾਰ ਸਕਨੀ ਏਂ । (ਹਲੂਣਾ)

ਉਰਦੂ ਕਾਵਿ ਪਰੰਪਰਾ ਦਾ ਪ੍ਰਭਾਵ ਉਸ ਤੋਂ ਹਾਲੀ ਨਹੀਂ ਲੱਥਾ ਆਪਣੀ ਪ੍ਰੇਮਿਕਾ ਨੂੰ ਸਾਕੀ ਆਦਿ ਕਹਿਣਾ ਉਰਦੂ ਦੀਆਂ ਰਵਾਇਤਾਂ ਹਨ। ਗ਼ਜ਼ਲਾਂ ਵਿਚ ਉਹ ਸਾਕੀ, ਸ਼ਰਾਬ, ਕੋਹਤੂਰ ਆਦਿ ਦਾ ਜਿਕਰ ਇਸੇ ਅਸਰ ਥਲੇ ਆ ਕੇ ਕਰਦਾ ਹੈ :

ਬੁਲਾਇਆ ਸੀ ਕਿਉਂ ਸਾਕੀਆ ! ਬੋਲ ਮੈਨੂੰ†
ਪਿਆ ਕੇ ਜੇ ਥੋੜੀ ਜਿਹੀ ਟਾਲਣਾ ਏਂ । (ਇਕ ਗ਼ਜ਼ਲ)

ਤਖਤ ਸਿੰਘ ਦੀ ਸਮੁਚੀ ਰਚਨਾ ਵਿਚ ਲੰਮੀਆਂ ਕਵਿਤਾਵਾਂ ਵੀ ਹਨ, ਗ਼ਜ਼ਲ ਵੀ ਹਨ ਤੇ ਗੀਤ ਵੀ। ਪੌਣੇ ਤਿੰਨ ਸੌ ਦੇ ਲਗ ਪਗ ਹਨ ਇਹ ਸਾਰੇ। ਉਸ ਦੀਆਂ ਚਾਰ ਪੁਸਤਕਾਂ ਛਪ ਚੁਕੀਆਂ ਹਨ। ਇਨ੍ਹਾਂ ਵਿਚੋਂ ਸੌ ਫ਼ੀ ਸਦੀ ਵਿਚ ਗ਼ਜ਼ਲਾਂ ਦੀ ਬਹੁਲਤਾ ਹੈ। ਸੋ ਗ਼ਜ਼ਲ ਤਖ਼ਤ ਸਿੰਘ ਦਾ ਪ੍ਰਿਅ ਮੀਟਰ ਹੈ। ਪ੍ਰੋ: ਜੁਗਿੰਦਰ ਸਿੰਘ ਹੋਰਾਂ ਉਨ੍ਹਾਂ ਦੇ ਤੋਲ ਵਿਚ ਕੁਝ ਅਸ਼ੁਧੀਆਂ ਵੇਖੀਆਂ ਹਨ। ਉਹ ਅਧਕ [ ੱ ] ਤੇ [ਹ] ਨੂੰ ਤਕਤੀਹ ਕਰਨ ਲਗਿਆਂ ਸ਼ੁਮਾਰ ਕਰਦੇ ਹਨ ਪਰ ਤਖ਼ਤ ਸਿੰਘ ਕਹਿੰਦਾ ਹੈ ਕਿ ਅਧਕ ਤੇ ਹਾਹੇ ਦੀ ਵਰਤੋਂ ਉਰਦੂ ਵਿਚ ਤਾਂ ਜ਼ਰੂਰ ਸ਼ੁਮਾਰ ਹੁੰਦੀ ਹੈ ਪਰ ਪੰਜਾਬੀ ਵਿੱਚ ਇਸ ਦਾ ਸ਼ੁਮਾਰ ਏਨਾ ਅਵੱਸ਼ਕ ਨਹੀਂ।

ਚੱਲ ਲਈ ਚਲ, ਹਨੇਰਾ ਲਈ ਨ੍ਹੇਰਾ ਵਰਤ ਲੈਣ ਜਾਂ ਕਰ ਲੈਣ ਵਿਚ ਉਹ ਆਪਣੇ ਆਪ ਨੂੰ ਹੱਕ ਬਜਾਨਬ ਕਹਿੰਦਾ ਹੈ ।

ਪ੍ਰਕ੍ਰਿਤੀ ਸੰਬੰਧੀ ਤਖ਼ਤ ਸਿੰਘ ਦੇ ਵਿਚਾਰ ਅਥਵਾ ਭਾਵ ਇਕ ਸੂਖ਼ਮ ਦਰਸ਼ਕ ਦੇ ਵੀ ਹਨ ਤੇ ਇਕ ਸੰਜੋਗੀ ਆਤਮਾ ਦੇ ਵੀ ਅਰਥਾਤ ਪ੍ਰਕਿਰਤੀ ਉਸ ਲਈ ਆਲੰਬਨ ਵੀ ਹੈ ਤੇ ਉਸ ਦੇ ਭਾਵਾਂ ਦਾ ਉਦੀਪਨ ਵੀ। ਆਲੰਬਨ ਰੂਪ ਵਿੱਚ ਪ੍ਰਕਿਰਤੀ ਕਵੀ ਲਈ ਆਤਮ ਭਾਵਾਂ ਨੂੰ ਚਿਤ੍ਰਣ ਦਾ ਸਾਧਨ ਹੀ ਨਹੀਂ ਰਹਿੰਦੀ ਸਗੋਂ ਉਸ ਦਾ

---

* No poem ever makes me respect its author which does not in some way convey a truth of philosophy.

(Words worth is Poetical orks—Lowell)

† ਮੈਂ ਔਰ ਬਜ਼ਮੇ ਮੈ ਸੇ ਯੂੰ ਤਸ਼ਨਾ ਕਾਮ ਆਉਂ। ਗਰ ਮੈਂ ਨੇ ਕੀ ਥੀ ਤੋਬਾ ਸਾਕੀ ਕੋ ਕਿਆ ਹੂਆ ਥਾ ।

(ਦੀਵਾਨੇ ਗ਼ਾਲਿਬ)

ਨਿਸ਼ਾਨਾ ਹੁੰਦੀ ਹੈ। ਪ੍ਰਕ੍ਰਿਤੀ ਲਈ ਉਸ ਦੀ ਖਿੱਚ ਵਧ ਜਾਂਦੀ ਹੈ—ਉਸ ਦੀ ਕਲਪਨਾ ਪ੍ਰਾਕ੍ਰਿਤਿਕ ਦ੍ਰਿਸ਼ਾਂ ਵਿੱਚ ਅਜਿਹੀ ਜੀਰਦੀ ਹੈ ਕਿ ਕਵੀ ਉਨ੍ਹਾਂ ਦ੍ਰਿਸ਼ਾਂ ਵਿਚ ਲੀਨ, ਮਗਨ ਹੋ ਜਾਂਦਾ ਹੈ। ਇਸੇ ਲੀਨਤ ਅਥਵਾ ਮਗਨਤਾ ਵਿਚੋਂ ਜੋ ਕਾਵਿ ਫੁਟਦਾ ਹੈ ਉਹ ਸਰੋਤਿਆਂ ਜਾਂ ਪਾਠਕਾਂ ਨੂੰ ਪ੍ਰਕ੍ਰਿਤੀ ਦਰਸ਼ਨਾਂ ਤੀਕ ਲੈ ਜਾਂਦਾ ਹੈ। ਉਦਾਹਰਣ ਸਹਿਤ ਤਖ਼ਤ ਸਿੰਘ ਦੀਆਂ ਹੇਠਾਂ ਅੰਕਿਤ ਸਤਰ ਆਲੰਬਕ ਰੂਪ ਪ੍ਰਕ੍ਰਿਤੀ ਚਿੱਤਰ ਦੀਆਂ ਸੁੰਦਰ ਉਦਾਹਰਣਾਂ ਹਨ :

ਰਾਤ ਗੁੰਮ ਗੁੰਮ ਟਿਕੀ ਟਿਕੀ ਹੈ
ਚਾਨਣੀ ਊਂਘਦੀ ਪਈ ਹੈ
ਪਾਰਦਰਸ਼ਕ ਧੁੰਦਲਕੇ ਉਹਲੇ
ਤਾਰਿਆਂ ਦੀ ਸਭਾ ਸਾਜੀ ਹੈ
ਝੀਲ ਵਿਚ ਤਰਨ ਫੁੱਲ ਕੰਵਲ ਦੇ
ਕੱਚ ਦੀ ਝਿਲ ਮਿਲ 'ਚ ਤਾਰਿਆਂ ਦੇ
ਅਕਸ ਨੂੰ ਨੀਂਦ ਆ ਗਈ ਹੈ।

(ਅਣਖ ਦੇ ਫੁੱਲ)

ਮਿੱਠੇ ਮਿੱਠੇ ਤਾਰਿਆਂ 'ਚ ਹੱਸੇ ਚੰਨ ਪੰਜਮੀ ਦਾ
ਫਿਰੇ ਪਾ ਸੁਗੰਧੀਆਂ 'ਚ ਨਾਤੀ।
ਅੰਬਰਾਂ ਦੇ ਵੇੜ੍ਹੇ ਢੁੱਕਾ, ਚੰਨ ਲਾੜਾ ਜੰਞ ਲੈ ਕੇ,
ਤਾਰਿਆਂ ਦੇ ਨਾਲ ਨੇ ਬਰਾਤੀ।

(ਹੰਭਲੇ)

ਉਦੀਪਨ ਰੂਪ ਪ੍ਰਕ੍ਰਿਤੀ ਚਿਤ੍ਰਣ ਵਿਚ ਦ੍ਰਿਸ਼ਟੀ ਦੇ ਸਮਾਨ ਸ੍ਰਿਸ਼ਟੀ ਰੂਪ ਹੁੰਦਾ ਹੈ—ਜੇ ਮਨੁਖ ਆਪ ਵਿਯੋਗ ਵਿਚ ਹੈ ਤਾਂ ਪ੍ਰਕ੍ਰਿਤੀ ਵੀ ਉਸ ਨੂੰ ਵਿਯੋਗ ਦੀ ਮੂਰਤ ਜਾਪੇਗੀ ਅਤੇ ਜੇ ਸੰਜੋਗ ਵਿੱਚ ਤਾਂ ਹਰ ਪ੍ਰਕ੍ਰਿਤੀ ਦ੍ਰਿਸ਼ ਉਸ ਦੇ ਅਨੰਦ ਵਿਚ ਉਸ ਨੂੰ ਸ਼ੁਭ ਇੱਛਕ ਭਾਸੇਗਾ*। ਇਸ ਰੂਪ ਵਿਚ ਭਾਵ ਵਧੇਰੇ ਸਪਸ਼ਟ ਹੁੰਦੇ ਹਨ। 'ਸੋਚ ਰਿਹਾ ਹਾਂ..' ਵਿੱਚ ਉਪਰੋਕਤ ਰੂਪ ਚਿਤ੍ਰਣ ਇਸ ਪ੍ਰਕਾਰ ਹੈ :

ਅਜੇ ਚੁਤਰਫ਼ੀਂ ਦਿਸ ਰਹੀਆਂ ਨੇ,
ਕਿਉਂ ਘਨਘੋਰ ਘਟਾਵਾਂ ?

---

* अपना सुख दशा में प्रकृति की उग्रता, भयंकरता और क्षुब्धता भी प्रिया प्रतीत होती है, परंतु अपनी उद्विग्नावस्था में उन्हें प्रकृति की सुहावनी छवि भी भयंकर जान पडती है।

(अनुभूति और अध्ययन—पृ. २२८)
श्री दुर्गाशंकर मिश्रा

ਅਜੇ ਫ਼ਿਜ਼-ਮੁੱਖ ਤੇ ਰੰਗੋ ਪਇਆ;
ਕਿਉਂ ਦੁਖ ਦਾ ਪਰਛਾਵਾਂ ?
ਪੈਣ ਅਜੇ ਕਾਲੇ ਅੰਬਰ ਤੋਂ
ਕਿਉਂ ਤਾਰੀਕ ਫੁਹਾਰਾਂ ?

ਤਖ਼ਤ ਸਿੰਘ ਨੂੰ ਕੁਝ ਸਮਕਾਲੀ ਸਮਾਲੋਚਕਾਂ ਦੀਆਂ ਨਜ਼ਰਾਂ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਉਸ ਦੀ "ਕਵਿਤਾ ਦੀ ਵੱਡੀ ਖ਼ੂਬੀ ਨਰੋਏ ਵਿਚਾਰਾਂ, ਧੜਕਦੇ ਜਜ਼ਬਿਆਂ ਤੇ ਤੀਖਣ ਕਲਪਣਾ ਤੋਂ ਇਲਾਵਾ ਰੂਪ ਦੀ ਪੁਖ਼ਤਗੀ ਹੈ੧ ।" ਤਖ਼ਤ ਸਿੰਘ ਦੀ ਕਵਿਤਾ ਵਿੱਚ "ਕਾਵਿ ਗੁਣ, ਕਾਵਿ ਕਲਾ ਅਤੇ ਅਗਾਂਹ ਵਧੂ ਵਿਸ਼ਾ ਵਸਤੂ ਬਹੁਤ ਬਲਵਾਨ ਹੈ । ਉਹ ਨਿਰਸੰਦੇਹ ਇਕ ਹੋਣਹਾਰ ਤੇ ਅਗਰਗਾਮੀ ਕਵੀ ਹੈ੨ ।" ਤਖ਼ਤ ਸਿੰਘ ਦੀ "ਕਵਿਤਾ ਨੂੰ ਨਰੋਆ ਸਾਹਿਤ ਕਹਿਆ ਜਾ ਸਕਦਾ ਹੈ, ਜਾਂ ਸਿਧਾਂਤਵਾਦੀ ਸਾਹਿਤ, ਅਪਣੀ ਅਪਣੀ ਰੁਚੀ ਅਨੁਸਾਰ—ਇਸ ਵਿਚ ਕਲਾ ਅਤੇ ਉਦੇਸ਼ ਦਾ ਮਿਸ਼ਰਣ ਇਸ ਢੰਗ ਨਾਲ ਹੋਇਆ ਹੈ ਕਿ ਸੂਝਵਾਨ ਪਾਠਕ ਜਾਂ ਆਲੋਚਕ ਨੂੰ ਨਿਰਾਸ਼ਾ ਨਹੀਂ ਹੋਵੇਗੀ੩ ।" ਤਖ਼ਤ ਸਿੰਘ ਦੀ ਕਵਿਤਾ ਵਿੱਚ ਸਾਨੂੰ ਦਿਸਦਾ ਹੈ ਕਿ "ਉਸ ਨੂੰ ਮਨੁੱਖਤਾ ਦੇ ਉੱਜਲੇ ਭਵਿਸ਼ ਵਿੱਚ ਵਿਸ਼ਵਾਸ਼ ਹੈ, ਉਹ ਜ਼ਿੰਦਗੀ ਨੂੰ ਹੋਰ ਚੰਗੇਰਾ ਬਣਾਉਣ ਲਈ ਪ੍ਰੇਰਦਾ ਹੈ ਤੇ ਇਸੇ ਨੂੰ ਆਪਣਾ ਇਕ ਕਵੀ ਦਾ ਧਰਮ ਸਮਝਦਾ ਹੈ੪ ।" ਉਸ ਨੇ "ਪੰਜਾਬੀ ਕਵਿਤਾ ਨੂੰ ਨਰੋਆ ਸ਼ਬਦ ਭੰਡਾਰ, ਸੁਖੈਨ ਬੋਲੀ, ਅਸਚਰਜਤਾ ਭਰੇ ਅਲੰਕਾਰਾਂ ਤੇ ਨਰੋਏ ਵਿਚਾਰਾਂ ਨਾਲ ਮਾਲਾ ਮਾਲ ਕੀਤਾ ਹੈ੫ ।" "ਆ ਰਿਹਾ ਹਾਂ" ਵਿੱਚ ਉਹ ਅਪਣੀ ਕਾਵਿ ਕਲਾ ਦਾ ਆਪ ਆਲੋਚਕ ਹੈ ਜਦੋਂ ਆਖਦਾ ਹੈ :—

ਚੁਸਤ ਮਿਹਣੇ, ਗੂੜ੍ਹ ਰਮਜ਼ਾਂ, ਸ਼ੁੱਧ ਅਲੰਕਾਰਾਂ ਦੀ ਵਰਤੋਂ,
ਮੈਂ ਇਨ੍ਹਾਂ ਰਾਹੀਂ ਤੁਕਾਂ 'ਚੋਂ ਅੱਗ ਵਰ੍ਹਾਉਂਦਾ ਆ ਰਿਹਾ ਹਾਂ ।
ਮਰਮਰੀ ਸੂਖਮ ਇਸ਼ਾਰੇ, ਸ਼ਹਿਦ-ਵੱਤ ਮਿਠੀਆਂ ਟਕੋਰਾਂ,
ਰਸ ਭਰੇ ਸ਼ਬਦਾਂ 'ਚ ਮੈਂ ਨਸ਼ਤਰ ਲੁਕਾਉਂਦਾ ਆ ਰਿਹਾ ਹਾਂ ।
[ਹੰਭਲੇ]

ਉਸ ਦੇ ਕਾਵਿ ਵਿੱਚ ਉਪਰੋਕਤ ਗੁਣ ਨਿਰਸੰਦੇਹ ਮੌਜੂਦ ਹਨ ।

---

੧. ਪ੍ਰੋ: ਮੋਹਣ ਸਿੰਘ--ਵੰਗਾਰ (ਜਾਣ ਪਛਾਣ)
੨. ਹੀਰਾ ਸਿੰਘ ਦਰਦ—ਤਖ਼ਤ ਸਿੰਘ ਦੀ ਕਵਿਤਾ (ਪੰਜਾਬੀ ਦੁਨੀਆਂ ਦਸੰਬਰ ੧੯੫੮)
੩. ਪ੍ਰਿੰ: ਗੁਰਬਚਨ ਸਿੰਘ ਤਾਲਿਬ—ਕਾਵਿ ਹਿਲੂਣੇ (ਮੁਖ ਸ਼ਬਦ)
੪. ਸੁਰਜੀਤ ਸਿੰਘ ਸੇਠੀ—ਅਣਖ ਦੇ ਫੁੱਲ (ਮੁਖ ਬੰਧ)
੫. ਗੁਰਚਰਨ ਸਿੰਘ ਆਦਰਸ਼ —ਤਖ਼ਤ ਸਿੰਘ ਦੀ ਕਾਵਿ ਕਲਾ (ਸਾਹਿਤ ਸਮਾਚਾਰ ਅਕਤੂਬਰ ੧੯੫੯)

ਪਦਾਰਥਵਾਦ ਅਨੁਸਾਰ ਪਦਾਰਥ ਨੂੰ ਹੀ ਸੰਸਾਰ ਦੀ ਮੂਲ ਸਤਾ ਮੰਨਿਆ ਜਾਂਦਾ ਹੈ। ਅਧਿਆਤਮਕ ਜੀਵਨ ਦੀ ਹੋਂਦ ਤੋਂ ਇਨਕਾਰ ਹੈ। ਇਹ ਮਿਥਿਆ ਹੈ, ਧੋਖਾ ਹੈ, ਇਕ ਭੁਲੇਖਾ ਹੈ। ਭੌਤਕ ਜੀਵਨ ਸੰਘਰਸ਼ ਪ੍ਰਧਾਨ ਹੈ, ਇਹੀ ਸਭ ਕੁਝ ਹੈ। ਇਸ ਅਨੁਸਾਰ ਅਜਿਹੇ ਜੀਵਨ ਦੀ ਪ੍ਰਮੁਖ ਸਤਾ ਸਮਾਜ ਹੈ।

ਮਨੁਖਤਾ ਇਹਨਾਂ ਦੋਹਾਂ ਮੁਖ ਵਿਚਾਰ-ਆਧਾਰਤ ਧੜਿਆਂ ਵਿਚ ਵੰਡੀ ਜਾਪਦੀ ਹੈ। ਮਾਨੋ ਸੰਸਾਰਕ ਜੀਵਨ ਦੇ ਦੋ ਟੋਟੇ ਹੋ ਗਏ ਹਨ। ਜੀਵਨ ਦੇ ਇਹ ਦੋਵੇਂ ਦ੍ਰਿਸ਼ਟੀਕੋਣ ਅਜ ਦੇ ਸਾਹਿਤ ਵਿਚ ਸਪਸ਼ਟ ਭਾਂਤ ਵਿਖਾਈ ਦਿੰਦੇ ਹਨ। ਆਦਰਸ਼-ਵਾਦੀ ਸਾਹਿਤ ਨੂੰ ਕਈ ਵਾਰ ਪ੍ਰਤੀ ਕਿਰਿਆਵਾਦੀ ਆਖਿਆ ਜਾਂਦਾ ਹੈ, ਕਦੇ ਇਹ ਪਲਾਇਨਵਾਦੀ ਹੋ ਜਾਂਦਾ ਹੈ, ਤੇ ਕਦੇ ਇਹ ਕਲਾ ਕਲਾ ਲਈ ਦੇ ਸਿਧਾਂਤ ਦਾ ਧਾਰਣੀ। ਪਰ ਭੌਤਕਵਾਦ ਨੇ ਸਾਹਿਤ ਵਿਚ ਪ੍ਰਗਤੀਵਾਦ ਨੂੰ ਜਨਮ ਦਿੱਤਾ ਹੈ, ਅਜਿਹਾ ਸਾਹਿਤ ਸਮਾਜ ਲਈ ਹੁੰਦਾ ਹੈ। ਜੀਵਨ ਦੀਆਂ ਇਹਨਾਂ ਦੋਂਹ ਧਾਰਾਵਾਂ ਵਲ ਹੀ ਸਾਹਿਤ ਦੀਆਂ ਮੁਹਾਰਾਂ ਮੁੜੀਆਂ ਪਈਆਂ ਹਨ। ਪਰ ਕੀ ਕਦੇ ਸਾਹਿਤ ਇਨ੍ਹਾਂ ਵਿਚੋਂ ਕਿਸੇ ਇਕ ਧਾਰਾ ਵਲ ਵੀ ਵਹਿਣ ਲਗ ਪਵੇਗਾ ? ਇਹ ਤਦੇ ਹੋ ਸਕਦਾ ਹੈ ਜੇ ਉਪਰੋਕਤ ਦੋਹਾਂ ਵਿਚਾਰਧਾਰਾਵਾਂ ਵਿਚੋਂ ਜੀਵਨ ਕਿਸੇ ਇਕ ਵਿਚਾਰਧਾਰਾ ਦਾ ਧਾਰਣੀ ਹੋ ਜਾਵੇ। ਆ ਰਹੀ ਨਵ-ਜਾਗ੍ਰਤੀ ਨੂੰ ਦ੍ਰਿਸ਼ਟੀ ਵਿਚ ਰਖ ਕੇ ਆਖਿਆ ਜਾ ਸਕਦਾ ਹੈ ਕਿ ਜੀਵਨ ਦੇ ਨਾਲ ਨਾਲ ਸਾਹਿਤ ਵੀ ਆਮ ਕਰਕੇ ਭੌਤਕ-ਵਾਦੀ ਧਾਰਾ ਵਲ ਝੁਕ ਜਾਏਗਾ, ਪ੍ਰਗਤੀਵਾਦ ਦਾ ਧਾਰਣੀ ਹੁੰਦਾ ਜਾਵੇਗਾ। ਪਰ ਇਹ ਅਸੰਭਵ ਹੈ ਕਿ ਮਨੁਖਤਾ ਇਕੋ ਪਾਸੇ ਵਲ ਝੁਕੀ ਰਹੇਗੀ। ਜੀਵਨ ਬਦਲੇਗਾ। ਤਤਕਾਲੀਨ ਪ੍ਰਸਥਿਤੀਅ ਤੋਂ ਹਮੇਸ਼ਾ ਜੀਵਨ ਵਿਚ ਪ੍ਰਤੀਕਰਮ ਉਠਦੇ ਹਨ। ਇੰਜ ਜੀਵਨ ਵਿਚਲੇ ਕਰਮ ਪ੍ਰਤੀਕਰਮ ਦਾ ਝਲਕਾਰਾ ਸਾਹਿਤ ਵਿਚ ਵੀ ਪੈਂਦਾ ਜਾਂਦਾ ਹੈ। ਜੀਵਨ ਦਾ ਇਹ ਘੋਲ ਸਾਹਿਤ ਦਾ ਘੋਲ ਬਣਦਾ ਜਾਂਦਾ ਹੈ।

ਇਹ ਤਾਂ ਗਲ ਸੀ ਸੰਸਾਰ-ਸਥਿਤੀ ਅਤੇ ਸੰਸਾਰ-ਸਾਹਿਤ ਦੀ। ਹੁਣ ਕਿਸੇ ਦੇਸ਼ ਤੇ ਉਸ ਦੇ ਸਾਹਿਤ ਤੇ ਵਿਚਾਰ ਕਰਕੇ ਵੇਖਦੇ ਹਾਂ। ਕਿਸੇ ਵੀ ਦੇਸ਼ ਦੇ ਲੋਕਾਂ ਦਾ ਉਸ ਦੇਸ਼ ਦੀ ਪ੍ਰਕ੍ਰਿਤਕ ਅਵਸਥਾ ਅਨੁਸਾਰ ਜੀਵਿਆ ਹੋਇਆ ਜੀਵਨ ਉਸ ਦੇਸ਼ ਦੇ ਸਾਹਿਤ ਤੇ ਬਹੁਤ ਪ੍ਰਭਾਵ ਪਾਂਦਾ ਹੈ। ਠੰਡੇ ਮੁਲਕਾਂ ਵਿਚ ਆਪਣੇ ਆਪ ਨੂੰ ਜੀਵਤ ਰਖਣ ਲਈ ਨਿਰੰਤਰ ਮਿਹਨਤ ਕਰਨ ਦੀ ਲੋੜ ਹੁੰਦੀ ਹੈ। ਅਜਿਹੇ ਦੇਸ਼ਾਂ ਵਿਚ ਰਹਿਣ ਵਾਲੇ ਮਨੁਖਾਂ ਦਾ ਸਾਰਾ ਸਮਾਂ ਆਪਣੀ ਰਖਿਆ ਦੇ ਸਾਧਨਾਂ ਨੂੰ ਸੋਚਣ ਅਤੇ ਉਨ੍ਹਾਂ ਤੇ ਆਪਣੇ ਜੀਵਨ ਨੂੰ ਆਧਾਰਤ ਕਰਨ ਵਿਚ ਬੀਤ ਜਾਂਦਾ ਹੈ। ਇਸ ਲਈ ਉਨ੍ਹਾਂ ਨੂੰ ਸੰਸਾਰਕ ਗਲਾਂ ਨਾਲ ਵਧੇਰੇ ਮਮਤਾ ਹੋ ਜਾਂਦੀ ਹੈ ਅਤੇ ਉਹ ਆਪਣੇ ਜੀਵਨ

ਦਾ ਉਦੇਸ਼ ਜੀਵਨ ਦਾ ਸੁਖ—ਭੌਤਕ ਜੀਵਨ ਦਾ ਸੁਖ— ਪ੍ਰਾਪਤ ਕਰਨਾ ਹੀ ਸਮਝਣ ਲਗ ਪੈਂਦੇ ਹਨ । ਜਿਥੇ ਹਾਲਾਤ ਇਸ ਦੇ ਉਲਟ ਹੋਣ, ਉਥੇ ਆਲਸ ਦੀ ਪ੍ਰਧਾਨਤਾ ਹੁੰਦੀ ਹੈ । ਜਦੋਂ ਕੁਦਰਤ ਨੇ ਖਾਣ-ਪੀਣ ਪਹਿਨਣ-ਪਾਣ ਦੇ ਸਾਰੇ ਸਾਮਾਨ ਸਹਿਜੇ ਹੀ ਪੇਸ਼ ਕਰ ਦਿਤੇ ਹੋਣ ਤਾਂ ਫੇਰ ਜੀਵਨ ਵਿਚ ਇਨ੍ਹਾਂ ਦੀ ਚਿੰਤਾ ਕਿਉਂ ਕਰਨੀ ਹੋਈ । ਭਾਰਤ ਦੀ ਧਰਤੀ ਦਾ ਇਹੀ ਹਾਲ ਹੈ । ਹਰ ਤਰ੍ਹਾਂ ਦਾ ਮੌਸਮ ਇਥੇ ਆਪਣਾ ਕੰਮ ਦਿਖਾਂਦਾ ਹੈ । ਭਾਰਤ ਦੀ ਧਰਤੀ ਬਹੁਤ ਉਪਜਾਊ ਰਹੀ ਹੈ । ਅਜਿਹੀ ਹਾਲਤ ਵਿਚ ਜਾਂ ਤਾਂ ਸੰਸਾਰਕ ਗਲਾਂ ਤੋਂ ਮਨ ਹਟਾ ਕੇ ਜੀਵ, ਜੀਵਾਤਮਾ ਅਤੇ ਪ੍ਰਮਾਤਮਾ ਵਲ ਰੁਝ ਜਾਂਦਾ ਹੈ, ਜਾਂ ਵਿਲਾਸ ਪ੍ਰੇਮਤਾ ਵਿਚ ਫਸ ਕੇ ਇੰਦ੍ਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ । ਇਹੀ ਮੁਖ ਕਾਰਣ ਹੈ ਕਿ ਸਾਡੇ ਦੇਸ਼ ਦਾ ਸਾਹਿਤ ਧਾਰਮਿਕ ਵਿਚਾਰਾਂ ਜਾਂ ਸ਼ਿੰਗਾਰ ਰਸ ਦੀ ਕਵਿਤਾ ਨਾਲ ਭਰਿਆ ਪਇਆ ਹੈ । ਸੋ ਇਹ ਸਪਸ਼ਟ ਹੈ ਕਿ ਕਿਸੇ ਦੇਸ਼ ਦੇ ਜੀਵਨ ਤੇ ਵਾਤਾਵਰਣ ਅਨੁਸਾਰ ਹੀ ਉਸ ਦੇਸ਼ ਦਾ ਸਾਹਿਤ ਉਪਜਦਾ ਹੈ ।

ਸਾਹਿਤ ਜੀਵਨ ਵਿਚ ਕਿਵੇਂ ਤਬਦੀਲੀਆਂ ਲਿਆਉਂਦਾ ਹੈ, ਕਿਵੇਂ ਤਰ-ਥੱਲੀਆਂ ਮਚਾ ਦੇਣ ਦੀ ਸਮਰਥਾ ਰਖਦਾ ਹੈ, ਇਸ ਗਲ ਦਾ ਸਪਸ਼ਟੀਕਰਣ ਸੰਸਾਰ ਦਾ ਇਤਿਹਾਸ ਤੇ ਸਾਹਿਤ ਕਰ ਦੇਵੇਗਾ । ਪਛਮ ਦੇ ਦੇਸ਼ਾਂ ਵਿਚ ਕਿਸੇ ਸਮੇਂ ਧਰਮ ਸਬੰਧੀ ਸਕਤੀ ਪੋਪ ਦੇ ਹੱਥਾਂ ਵਿਚ ਆ ਗਈ ਸੀ । ਮਧਕਾਲ ਵਿਚ ਇਸ ਸ਼ਕਤੀ ਦੀ ਦੁਰ ਵਰਤੋਂ ਹੋਣ ਲਗ ਪਈ ਤੇ ਫੇਰ ਪੁਨਰ ਸੁਰਜੀਤੀ ਨੇ ਜਦੋਂ ਵਰਤਮਾਨ ਸਮੇਂ ਦੀ ਅਰੰਭਤਾ ਕੀਤੀ ਤਾਂ ਯੂਰਪੀ ਦਿਮਾਗ਼ ਸੁਤੰਤਰਤਾ ਦੇਵੀ ਦੀ ਅਰਾਧਨਾ ਕਰਨ ਲਗਾ ਅਤੇ ਉਸ ਨੇ ਪਹਿਲਾ ਕੰਮ ਜੋ ਕੀਤਾ, ਉਹ ਸੀ ਧਰਮ ਦੇ ਵਿਰੁਧ ਬਗ਼ਾਵਤ ਲਇਆ ਦੇਣੀ । ਇਸ ਦਾ ਨਤੀਜਾ ਇਹ ਹੋਇਆ ਕਿ ਯੂਰਪੀ ਜੀਵਨ ਖੇਤਰ ਵਿਚੋਂ ਧਰਮ ਦਾ ਪ੍ਰਭਾਵ ਘਟਿਆ ਅਤੇ ਵਿਅਕਤੀਗਤ ਸੁਤੰਤਰਤਾ ਦੀ ਲਾਲਸਾ ਵਧੀ । ਕੌਣ ਨਹੀਂ ਜਾਣਦਾ ਕਿ ਫ਼ਰਾਂਸ ਦੀ ਰਾਜ ਕ੍ਰਾਂਤੀ ਦੀ ਨੀਂਹ ਰੂਸੋ ਅਤੇ ਵਾਲਟੇਅਰ ਦੇ ਲੇਖਾਂ ਨੇ ਰਖੀ ਅਤੇ ਇਟਲੀ ਦੀ ਪਨਰ ਸੁਰਜੀਤੀ ਦਾ ਬੀਜ ਬੀਜਿਆ ਮੇਜ਼ਨੀ ਦੇ ਲੇਖਾਂ ਨੇ । ਭਾਰਤ ਵਿਚ ਵੀ ਸਾਹਿਤ ਦਾ ਪ੍ਰਭਾਵ ਇਸ ਦੀ ਅਵਸਥਾ ਤੇ ਘਟ ਨਹੀਂ ਪਇਆ । ਭਾਰਤੀਆਂ ਦਾ ਵਿਸ਼ੇਸ਼ ਕਰ ਕੇ ਝੁਕਾ ਧਰਮ ਵਲ ਰਿਹਾ ਹੈ । ਮੁਸਲਮਾਨ ਅਤੇ ਹਿੰਦੂ ਧਰਮ ਜਦ ਭਾਰਤੀ ਇਤਿਹਾਸ ਵਿਚ ਆਪਸੀ ਗੁਆਂਢੀ ਬਣੇ ਤਾਂ ਉਹਨਾਂ ਵਿਚਲੇ ਕੱਟੜਪੁਣੇ ਨੂੰ ਦੂਰ ਕਰਨ ਲਈ ਭਗਤੀ ਲਹਿਰ ਪੈਦਾ ਹੋਈ, ਜਿਸ ਦੇ ਸਾਹਿਤ ਨੇ ਭਾਰਤੀ ਜੀਵਨ ਵਿਚ ਬੜੀ ਤਬਦੀਲੀ ਲਿਆਂਦੀ । ਇਸ ਲਈ ਇਹ ਸਪਸ਼ਟ ਹੈ ਕਿ ਮਨੁਖਾ ਜੀਵਨ ਦੀ ਸਮਾਜਿਕ ਗਤੀ ਵਿਚ ਸਾਹਿਤ ਦਾ ਸਥਾਨ ਬੜਾ ਮਹੱਤਵ-ਪੂਰਣ ਹੈ ।

ਸੰਸਾਰ ਸਥਿਤੀ ਤੇ ਜੀਵਨ ਅਤੇ ਸਾਹਿਤ ਅਤੇ ਦੇਸ਼-ਸਥਿਤੀ ਤੇ ਜੀਵਨ ਅਤੇ

ਉਸ ਦੇ ਸਾਹਿਤ ਤੋਂ ਬਾਅਦ ਪੰਜਾਬੀ ਜੀਵਨ ਤੇ ਇਸ ਦੇ ਸਾਹਿਤ ਤੇ ਇਕ ਸਰਸਰੀ ਨਜ਼ਰ ਮਾਰ ਲੈਣੀ ਜ਼ਰੂਰੀ ਹੈ ।

ਪੁਰਾਣੇ ਤੋਂ ਪੁਰਾਣੇ ਸਮੇਂ ਦੇ ਪ੍ਰਾਪਤ ਪੰਜਾਬੀ ਸਾਹਿਤ ਤੋਂ ਲੈ ਕੇ ਅਜ ਤਕ ਦੇ ਸਾਹਿਤ ਤਕ ਦਾ ਅਧਿਐਨ ਇਹ ਗਲ ਸਪਸ਼ਟ ਕਰ ਦੇਂਦਾ ਹੈ ਕਿ ਇਸ ਦੇ ਪਿਛੇ ਪੰਜਾਬੀ ਜੀਵਨ-ਧਾਰਾ ਵਗ ਰਹੀ ਹੈ । ਇਸੇ ਜੀਵਨ-ਧਾਰਾ ਤੋਂ ਪੰਜਾਬੀ ਸਾਹਿਤ ਉਪਜਦਾ ਰਹਿਆ ਹੈ ਅਤੇ ਇਸੇ ਨੂੰ ਆਪਣੀ ਦੇਣ ਵੀ ਦੇਂਦਾ ਰਹਿਆ ਹੈ । ਪੰਜਾਬੀ ਸਾਹਿਤ ਦਾ ਮੁਢ ਜੋਗੀਆਂ ਤੋਂ ਮੰਨਿਆ ਜਾਂਦਾ ਹੈ । ਇਹ ਨਾਥ ਸਾਹਿਤ ਪੰਜਾਬੀ ਧਾਰਮਿਕ ਜੀਵਨ ਬਾਰੇ ਚੰਗੀ ਦਸ ਪਾਂਦਾ ਹੈ ਤੇ ਫੇਰ ਮੁਸਲਮਾਨਾਂ ਦੇ ਹਮਲਿਆਂ ਨਾਲ ਪੰਜਾਬ ਦੀ ਪ੍ਰਾਧੀਨ ਆਤਮਾ ਪੰਜਾਬੀ ਸਾਹਿਤ ਵਿਚ ਨਜ਼ਰ ਆਉਣ ਲਗ ਪਈ, ਪਰ ਛੇਤੀ ਹੀ ਜੀਵਨ ਵਿਚ ਇਕ ਅਜਿਹੀ ਤਬਦੀਲੀ ਆ ਗਈ ਕਿ ਸਾਹਿਤ ਨੂੰ ਆਪਣੇ ਆਪ ਨੂੰ ਜੀਵਨ ਅਨੁਸਾਰ ਢਾਲਣਾ ਪਇਆ ਸੀ ਤੇ ਉਹ ਤਬਦੀਲੀ ਸੀ ਪ੍ਰਾਧੀਨਤਾ ਪ੍ਰਤੀ ਪ੍ਰਤੀਕਰਮ । ਇਸ ਪ੍ਰਤੀਕਰਮ ਵਜੋਂ ਜਿਥੇ ਪੰਜਾਬੀ ਜੀਵਨ ਵਿਚ ਭਗਤੀ ਭਾਵਾਂ ਦਾ ਪ੍ਰਵੇਸ਼ ਹੋਇਆ । ਉਥੇ ਆਤਮਿਕ ਜਾਗ੍ਰਤੀ ਵੀ ਆ ਗਈ । ਬਸ, ਇਹ ਜਾਗ੍ਰਤੀ ਦੀ ਲਹਿਰ ਹੀ ਭਗਤੀ ਲਹਿਰ ਸੀ, ਜਿਸ ਨੇ ਸਮੇਂ ਦੇ ਸਾਹਿਤ ਵਿਚ ਆਪਣਾ ਆਪ ਪ੍ਰਗਟਾਇਆ, ਜੀਵਨ ਦੇ ਨਾਲ ਨਾਲ ਸਾਹਿਤ ਵਿਚ ਵੀ ਕ੍ਰਾਂਤੀ ਲਿਆਂਦੀ । ਇਹ ਭਗਤੀ ਲਹਿਰ ਪੰਜਾਬ ਵਿਚ ਸਿਖ ਲਹਿਰ ਦੇ ਰੂਪ ਵਿਚ ਕੰਮ ਕਰਦੀ ਰਹੀ ਤੇ ਫੇਰ ਇਸ ਭਗਤੀ, ਰਬੀ-ਵਿਸ਼ਵਾਸ਼, ਨਾਮ-ਜਪਣ, ਧਾਰਮਿਕ ਜੀਵਨ ਜੀਊਣ, ਸਾਮਾਜਿਕ ਜੀਵਨ ਦੀ ਮਨਾਹੀ ਆਦਿ, ਤੇ ਜੇ ਮਨਾਹੀ ਨਾ ਸਹੀ ਤਾਂ ਆਤਮਿਕ ਜੀਵਨ ਦੇ ਮੁਕਾਬਲੇ ਤੇ ਭੌਤਕ ਜੀਵਨ ਨੂੰ ਦੂਜਾ ਦਰਜਾ ਦੇਣ ਤੋਂ ਇਕ ਪ੍ਰਤੀਕਰਮ ਉਪਜਿਆ. ਪੰਜਾਬੀ ਜੀਵਨ ਧਰਤੀ ਦੇ ਨੇੜੇ ਹੋ ਗਇਆ—ਮਨੁਖਾ ਹੋ ਗਇਆ—ਸਰੀਰਕ ਪਿਆਰ ਦਾ ਚਾਹਵਾਨ, ਤੇ ਇਹ ਕੁਝ ਸਾਹਿਤ ਵਿਚ ਵੀ ਆ ਗਇਆ । ਸਰੀਰ ਪੂਜਾ ਹੋਣ ਲਗੀ, ਸ਼ਿੰਗਾਰ-ਰਸ ਦੀ ਪ੍ਰਧਾਨਤਾ ਹੋ ਗਈ, ਸਰੀਰਕ ਸੁੰਦਰਤਾ ਦਾ ਬਿਆਨ ਠਾਠਾਂ ਮਾਰਨ ਲਗ ਪਇਆ । ਅਜਿਹਾ ਸਾਹਿਤ ਗਤੀ ਕਾਲੀਨ ਸਾਹਿਤ ਸੀ—ਗਤੀ ਬਧ । ਪਹਿਲਾਂ ਜੀਵਨ ਵਿਚ ਤੇ ਪਿਛੋਂ ਸਾਹਿਤ ਵਿਚ ਇਕ ਰੁਮਾਂਚਿਕ ਲਹਿਰ ਪੈਦਾ ਹੋ ਗਈ—ਕਿੱਸਾਕਾਰੀ ਦੀ ਲਹਿਰ । ਤੇ ਫੇਰ ਮੁਗਲ ਰਾਜ ਦੀ ਅਧੋਗਤੀ ਤੋਂ ਬਾਅਦ ਰਣਜੀਤ ਸਿੰਘ ਦਾ ਸਮਾਂ ਆਇਆ, ਪੰਜਾਬੀਆਂ ਨੇ ਥੋਹੜਾ ਜਹਿਆ ਸਿਰ ਚੁਕਿਆ, ਸੁਤੰਤਰਤਾ ਦੇ ਵਾਯੂ-ਮੰਡਲ ਵਿਚ ਰਤਾ ਭਰ ਸਾਹ ਲਇਆ । ਇਹ ਸਮਾਂ ਅੱਖ ਪਲਕਾਰੇ ਵਿਚ ਹੀ ਬੀਤ ਗਇਆ—ਪੰਜਾਬ ਵਿਚ ਜੁਗ-ਗਰਦੀ ਮੱਚ ਗਈ । ਕਿੱਸਾ ਸ਼ਾਹ ਮੁਹੰਮਦ ਪੰਜਾਬੀ ਜੀਵਨ ਦੀ ਜੁਗ-ਗਰਦੀ ਦਾ ਪ੍ਰਤੀਬਿੰਬ ਹੈ, ਉਸੇ ਜੀਵਨ ਦੀ ਉਪਜ ਹੈ । ਅੰਗ੍ਰੇਜ਼ੀ ਰਾਜ ਕਾਇਮ ਹੋ ਗਇਆ, ਪ੍ਰਤੀਕਰਮ ਉਠਿਆ, ਕਈ ਸੁਧਾਰਕ ਲਹਿਰਾਂ ਚਲੀਆਂ । ਪੰਜਾਬ ਵਿਚ ਸਿੰਘ ਸਭਾ ਲਹਿਰ ਨਾਲ ਸੰਬੰਧਤ ਬੇਅੰਤ ਸਾਹਿਤ

ਮਿਲਦਾ—ਫੇਰ ਸੁਧਾਰ-ਵਾਦੀ ਰੁਚੀਆਂ ਦੇ ਜੀਵਨ ਵਿਚ ਪ੍ਰਵੇਸ਼ ਕਰਨ ਨਾਲ ਸਾਹਿਤ ਵਿਚ ਵੀ ਉਹਨਾਂ ਦਾ ਬੋਲਬਾਲਾ ਹੋ ਗਇਆ। ਇਸ ਸਮੇਂ ਦਾ ਬਹੁਤਾ ਸਾਹਿਤ ਸਾਮਾਜਿਕ ਸਮੱਸਿਆਤਮਕ ਬਣ ਗਇਆ। ਤੇ ਫੇਰ ੧੯੩੬ ਤੋਂ ਬਾਅਦ ਪ੍ਰਗਤੀਵਾਦ ਨੇ ਚੰਗੀ ਤਰ੍ਹਾਂ ਪੰਜਾਬੀ ਜੀਵਨ ਤੇ ਸਾਹਿਤ ਵਿਚ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿਤਾ। ਤੇ ਅਜੋਕਾ ਪੰਜਾਬੀ ਸਾਹਿਤ ਇਸੇ ਪਾਸੇ ਵਧੇਰੇ ਕਰਕੇ ਝੁਕਦਾ ਜਾ ਰਹਿਆ ਹੈ। ਸਾਹਿਤ ਦਾ ਅਜ ਰੁਖ ਜੀਵਨ ਦੇ ਰੁਖ ਵਲ ਹੈ।

ਜੀਵਨ ਕਿਸ ਪਾਸੇ ਵਲ ? ਸਾਹਿਤ ਕਿਸ ਪਾਸੇ ਵਲ ? ਦੋਹਾਂ ਪ੍ਰਸ਼ਨਾਂ ਦਾ ਉੱਤਰ ਹੈ ਇਕੋ ਪਾਸੇ ਵਲ। ਇਹੀ ਜੀਵਨ ਤੇ ਸਾਹਿਤ ਦੀ ਸਾਂਝ ਹੈ। ਦੋਹਾਂ ਦੇ ਉਦੇਸ਼ ਸਾਂਝੇ ਹਨ—ਜੀਵਨ ਨੂੰ ਵਧ ਤੋਂ ਵਧ ਚੰਗਾ, ਸੋਹਣਾ, ਸੁਖੀ ਬਣਾਉਣਾ। ਦੋਵੇਂ ਪਰਮ ਸਚਾਈ ਦੀ ਭਾਲ ਵਿਚ ਹਨ, ਜੀਵਨ-ਸਚਾਈ ਦੀ ਭਾਲ ਵਿਚ, ਸੰਪੂਰਣਤਾ ਦੀ ਢੂੰਡ ਕਰ ਰਹੇ ਹਨ। ਆਉਣ ਵਾਲੇ ਸਮੇਂ ਵਿਚ ਦੋਵੇਂ ਇਕ ਦੂਜੇ ਦੇ ਹੋਰ ਵੀ ਨੇੜੇ ਹੋ ਜਾਣਗੇ—ਇਕ ਦੂਜੇ ਦੇ ਸਹਾਇਕ, ਮਦਦਗਾਰ, ਇਕ ਦੂਜੇ ਤੇ ਆਧਾਰਤ।


ਪੰਜਾਬੀ ਵੀਰੋ !

**ਆਲੋਚਨਾ ਦੇ**

**ਆਪ ਗਾਹਕ ਬਣੋ**

**ਤੇ**

**ਹੋਰਨਾਂ ਨੂੰ ਗਾਹਕ ਬਣਨ ਲਈ ਪ੍ਰੇਰੋ।**

# ਪੰਜਾਬੀ ਸਾਹਿਤ ਅਕਾਡਮੀ ਦੀਆਂ ਹੁਣ ਤਕ ਛਪੀਆਂ ਪੁਸਤਕਾਂ

## (ਤਰਤੀਬਵਾਰ)

੧. ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ (ਡਾ: ਗੰਡਾ ਸਿੰਘ) ੨॥)

੨. ਸੱਸੀ ਹਾਸ਼ਮ (ਪ੍ਰੋ: ਹਰਨਾਮ ਸਿੰਘ ਸ਼ਾਨ) (ਸਟਾਕ ਖਤਮ) ੭)

੩. ਆਦਮੀ ਦੀ ਪਰਖ (ਸ: ਸ਼ਮਸ਼ੇਰ ਸਿੰਘ ਅਸ਼ੋਕ) ੧॥)

੪. ਪੰਜਾਬੀ ਭਾਸ਼ਾ ਦਾ ਇਤਿਹਾਸ (ਪ੍ਰੋ: ਵਿ. ਭਾ. ਅਰੁਣ) ੪। =)

੫. ਵਾਰ ਸ਼ਾਹ ਮੁਹੰਮਦ (ਪ੍ਰਿੰ: ਸੀਤਾ ਰਾਮ ਕੋਹਲੀ ਤੇ ਪ੍ਰੋ: ਸੇਵਾ ਸਿੰਘ ਐਮ.ਏ.) ੪

੬. ਅਮਰ ਜੋਤੀ (ਸ੍ਰੀ ਗੁਰਾਂ ਦਿੱਤਾ ਖੰਨਾਂ) ੧)

੭. ਸ੍ਰੀ ਮਦ ਭਾਗਵਤ ਗੀਤਾ (ਸ: ਸ਼ਮਸ਼ੇਰ ਸਿੰਘ ਅਸ਼ੋਕ) ੨)

੮. ਪਰਾਰੰਭਿਕ ਅਰਥ ਵਿਗਿਆਨ (ਸ੍ਰੀ ਮਨੋਹਰ ਲਾਲ ਦਵੇਸ਼ਰ) ੬ ਰੁ:੮੦ ਨ.ਪੈ.

੯. ਅੱਗ ਦੀ ਕਹਾਣੀ (ਸ: ਗੁਰਬਚਨ ਸਿੰਘ ਐਮ. ਏ.) ੧)

ਆਰਡਰ ਲਈ ਲਿਖੋ :–

**ਜਨਰਲ ਸਕੱਤ੍ਰ, ਪੰਜਾਬੀ ਸਾਹਿੱਤ ਅਕਾਡਮੀ,**

**੫੫੫ ਐਲ. ਮਾਡਲ ਟਾਊਨ, ਲੁਧਿਆਣਾ ।**

# ਪੰਜਾਬੀ ਸਾਹਿਤ ਅਕਾਡਮੀ ਦੀਆਂ

ਛੱਪ ਰਹੀਆਂ ਪੁਸਤਕਾਂ :-

(ੳ) ਸੰਖਿਆ ਕੋਸ਼-

ਕ੍ਰਿਤ : ਗੁਰਬਖਸ਼ ਸਿੰਘ 'ਕੇਸਰੀ'

(ਅ) ਲੋਕ ਆਖਦੇ ਹਨ-

ਸੰਪਾਦਕ : ਵੰਜਾਰਾ ਬੇਦੀ

(ੲ) ਨੀਲੀ ਤੇ ਸਾਵੀ-

ਸੰਪਾਦਕ : ਕਰਤਾਰ ਸਿੰਘ 'ਸ਼ਮਸ਼ੇਰ'

(ਸ) ਖਾਧ ਖੁਰਾਕ ਤੇ ਪਾਲਣ ਪੋਸ਼ਣ-

ਕ੍ਰਿਤ : ਡਾ: ਕਿਸ਼ਨ ਸਿੰਘ

(ਹ) ਜੀਵਨ ਤੰਦਾਂ-

ਅਨੁਵਾਦਕ : ਡਾ: ਖੇਮ ਸਿੰਘ ਗਰੇਵਾਲ

(ਕ) ਬੁੱਧ ਜਾਤਕਾ-

ਕ੍ਰਿਤ : ਗੁਰਦਿੱਤਾ ਖੰਨਾ

(ਖ) ਪੱਛਮੀ ਆਲੋਚਨਾ ਦੀ ਪਰੰਪਰਾ ਤੇ ਸਿਧਾਂਤ

ਡਾ. ਰੋਸ਼ਨ ਲਾਲ ਆਹੂਜਾ

---

ਸ਼ੇਰ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਮਹਿੰਦਰਾ ਆਰਟ ਪ੍ਰੈਸ,
ਰੀ ਰੋਡ, ਲੁਧਿਆਣਾ ਵਿਚ ਛਾਪ ਕੇ ਦਫ਼ਤਰ 'ਆਲੋਚਨਾ' ੫੫੫ ਐਲ.
ਮਾਡਲ ਟਾਊਨ, ਲੁਧਿਆਣਾ ਤੋਂ ਪਰਕਾਸ਼ਤ ਕੀਤਾ।

## ਆਲੋਚਨਾ ਸੰਬੰਧੀ ਸੂਚਨਾਵਾਂ

੧. 'ਆਲੋਚਨਾ' ਨੂੰ ਜੂਨ, ੫੮ ਤੋਂ ਮਾਸਕ ਪੱਤਰ ਬਣਾ ਦਿਤਾ ਗਇਆ ਹੈ। ਇਹ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਪਰਕਾਸ਼ਿਤ ਹੋ ਕੇ ਸਭ ਪ੍ਰੇਮੀਆਂ ਦੇ ਹੱਥ ਵਿਚ ਪਹੁੰਚ ਜਾਂਦਾ ਹੈ। ਪ੍ਰੇਮੀ-ਜਨ ਸੰਭਾਲ ਕਰ ਲਇਆ ਕਰਨ।

੨. ਚੰਦਾ :–'ਆਲੋਚਨਾ' ਕਿਸੇ ਨੂੰ ਨਮੂਨੇ ਵਜੋਂ ਨਹੀਂ ਭੇਜਿਆ ਜਾਂਦਾ। ਚੰਦਾ ਇਕ ਪਰਚੇ ਲਈ ਪੰਜਾਹ ਨਵੇਂ ਪੈਸੇ (ਭਾਰਤ ਤੋਂ ਬਾਹਰ ਭੇਜਣ ਲਈ ੭੫ ਨ: ਪੈ: ਤੇ ਸਾਲ ਲਈ ਪੰਜ ਰੁਪਏ (ਭਾਰਤ ਤੋਂ ਬਾਹਰ ਭੇਜਣ ਲਈ ਅੱਠ ਰੁਪਏ)) ਪੇਸ਼ਗੀ ਆਉਣੇ ਜ਼ਰੂਰੀ ਹਨ। 'ਆਲੋਚਨਾ' ਵੀ. ਪੀ. ਪੀ. ਦੁਆਰਾ ਵੀ ਨਹੀਂ ਭੇਜਿਆ ਜਾਂਦਾ।

੩. 'ਆਲੋਚਨਾ' ਵਿਚ ਕੇਵਲ ਸਾਹਿੱਤਿਕ ਖੋਜ ਤੇ ਪੜਚੋਲ ਦੇ ਲੇਖ ਹੀ ਛਾਪੇ ਜਾਂਦੇ ਹਨ, ਜਾਂ ਪੰਜਾਬੀ ਵਿਚ ਛਪੀਆਂ ਪੁਸਤਕਾਂ ਦੇ ਰੀਵੀਊ।

੪. 'ਆਲੋਚਨਾ' ਵਿਚ ਛਪੇ ਹਰ ਲੇਖ ਦੇ ਲਿਖਾਰੀ ਨੂੰ ੧੦) ਰੁਪਏ ਪ੍ਰਤੀ ਹਜ਼ਾਰ ਸ਼ਬਦ (ਵਧ ਤੋਂ ਵਧ ੩੦ ਰੁਪਏ ਪ੍ਰਤੀ ਲੇਖ) ਨਜ਼ਰਾਨੇ ਵਜੋਂ ਦਿੱਤੇ ਜਾਂਦੇ ਹਨ ਤੇ ਨਾਲੇ ਉਸ ਦੇ ਲੇਖ ਦੀਆਂ ਪੰਜ ਕਾਪੀਆਂ ਵੀ ਭੇਜੀਆਂ ਜਾਂਦੀਆਂ ਹਨ।

੫. 'ਆਲੋਚਨਾ' ਦੇ ਕਿਸੇ ਅੰਕ ਦੇ ਛਪਣ ਤੋਂ ਘਟ ਤੋਂ ਘਟ ਇਕ ਮਹੀਨਾ ਪਹਿਲਾਂ ਉਸ ਅੰਕ ਲਈ ਲੇਖ ਪਹੁੰਚ ਜਾਣੇ ਜ਼ਰੂਰੀ ਹਨ।

੬. ਨਾ-ਪਰਵਾਨ ਹੋਇਆ ਲੇਖ ਮੰਗਣ ਤੇ ਵਾਪਸ ਕਰ ਦਿੱਤਾ ਜਾਂਦਾ ਹੈ।

੭. ਹਰ ਲੇਖ ਸਾਫ਼, ਸ਼ੁੱਧ ਤੇ ਕਾਗਜ਼ ਦੇ ਇਕ ਪਾਸੇ ਲਿਖਿਆ ਹੋਣਾ ਚਾਹੀਦਾ ਹੈ, ਪਦ-ਜੋੜ ਵੀ ਪ੍ਰਵਾਣਤ ਨੇਮ ਅਨੁਸਾਰ ਹੋਣੇ ਚਾਹੀਦੇ ਹਨ।

੮. ਏਜੰਸੀ ਪਰਚੂਨ ਨਿਰਖ ਤੇ ੩੩% ਕਮਿਸ਼ਨ ਤੇ ਦਿੱਤੀ ਜਾਂਦੀ ਹੈ। ਏਜੰਟ ਸਾਹਿਬਾਨ ਨੂੰ ਚਾਹੀਦਾ ਹੈ ਕਿ ਜਿੰਨੇ ਪਰਚਿਆਂ ਦੀ ਲੋੜ ਹੋਵੇ ਉਤਨਿਆਂ ਪਰਚਿਆਂ ਦੀ ਕੀਮਤ ਪੇਸ਼ਗੀ ਭੇਜਣ। ਦਸ ਪਰਚਿਆਂ ਤੋਂ ਘਟ ਲਈ ਕਮਿਸ਼ਨ ੨੫% ਹੈ।

੯. 'ਆਲੋਚਨਾ' ਵਿਚ ਇਸ਼ਤਿਹਾਰ ਵੀ ਦਿਤੇ ਜਾ ਸਕਦੇ ਹਨ। ਨਿਰਖ ਲਿਖਾ ਪੜ੍ਹੀ ਕਰਕੇ ਨਿਯਤ ਕੀਤੇ ਜਾਣ।